# ਤੁਹਾਡੀ ਹਿਫਾਜ਼ਤ ਲਈ: ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ

## ਸਬੰਧਾਂ ਵਿਚਲੀਆਂ ਉਨ੍ਹਾਂ ਔਰਤਾਂ ਲਈ ਜਾਣਕਾਰੀ ਜਿਨ੍ਹਾਂ ਨੂੰ ਤਸ਼ੱਦਦ ਜਾਂ ਤਸ਼ੱਦਦ ਦੇ ਖਤਰੇ ਤੋਂ ਹਿਫਾਜ਼ਤ ਦੀ ਲੋੜ ਹੈ।

(For Your Protection:
Peace Bonds and Restraining Orders)




British Columbia
Ministry of Public Safety
and Solicitor General

Legal
Services
Society
British Columbia
www.lss.bc.ca

PSSG08-027

**ਮਾਨਤਾ**

ਇਸ ਕਿਤਾਬਚੇ ਦੀ ਵਪਾਰਕ ਖਿਆਲ ਤੋਂ ਕਾਪੀ ਕਰਨ ਦੀ ਮਨਾਹੀ ਹੈ, ਪਰ ਹੋਰ ਮੰਤਵਾਂ ਲਈ ਮਾਨਤਾ ਦੇ ਕੇ ਕਾਪੀ ਕਰਨ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ।

© 2007 ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ, ਵਿਕਟਿਮ ਸਰਵਿਸਿਜ਼ ਐਂਡ ਕਰਾਇਮ ਪ੍ਰੀਵੈਨਸ਼ਨ ਡਿਵੀਜ਼ਨ ਦਾ

ਪਹਿਲਾ ਐਡੀਸ਼ਨ: ਨਵੰਬਰ 1999
ਸੋਧਿਆ: ਮਾਰਚ 2003
ਦੂਜਾ ਐਡੀਸ਼ਨ: ਅਗਸਤ 2003
ਸੋਧਿਆ: ਦਸੰਬਰ 2007

2007 ਦੀ ਸੁਧਾਈ ਲਈ ਫੰਡ ਲੀਗਲ ਸਰਵਿਸਿਜ਼ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਦਿੱਤੇ।

**Library and Archives Canada Cataloguing in Publication Data**

Main entry under title:
TuhadiHifazat Lai Peace Bond Atte Restraining Order (For your protection : peace bonds and restraining orders) [electronic resource]. -- 2nd ed., rev. Dec. 2007

Punjabi ed.
Co-produced by Legal Services Society, British Columbia.
Also issued in English and Chinese eds.
Also issued in print form.
ISBN 978-0-7726-5944-6

1. Judicial bonds - British Columbia - Popular works. 2. Restraining orders - British Columbia - Popular works. 3. Wife abuse - British Columbia - Prevention. 4. Abused women - Legal status, laws, etc. - British Columbia - Popular works. 5. Family violence - Law and legislation - British Columbia - Popular works. 6. Victims of crimes - Services for - British Columbia. I. British Columbia. Victim Services and Crime Prevention Division. II. Legal Services Society of British Columbia.

KEB270.Z82T83 2008 344.71103'28292 C2008-960050-9
KF1228.Z9T83 2008

ਇਸ ਕਿਤਾਬਚੇ ਦੀਆਂ ਹੋਰ ਕਾਪੀਆਂ ਲੈਣ ਲਈ ਸੰਪਰਕ ਕਰੋ:

Legal Services Society
400 – 510 Burrard Street
Vancouver, BC V6C 3A8

ਇਹ ਕਿਤਾਬਚਾ ਚੀਨੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਅਤੇ ਪੀ ਡੀ ਐੱਫ ਫਾਇਲ ਦੇ ਰੂਪ ਵਿਚ ਐੱਲ ਐੱਸ ਐੱਸ ਦੇ ਵੈੱਬਸਾਈਟ www.lss.bc.ca ’ਤੇ ਅਤੇ ਐੱਮ ਪੀ ਐੱਸ ਐੱਸ ਜੀ ਦੇ ਵੈੱਬਸਾਈਟ www.pssg.gov.bc.ca/victim_services/publications/index.htm.’ਤੇ ਵੀ ਉਪਲਬਧ ਹੈ।

## ਇਸ ਕਿਤਾਬਚੇ ਬਾਰੇ

(About this booklet)

ਲੋਕ, ਵੱਖ ਵੱਖ ਹਾਲਤਾਂ ਵਿਚ ਵੱਖ ਵੱਖ ਕਾਰਨਾਂ ਕਰਕੇ ਪ੍ਰੋਟੈਕਸ਼ਨ (ਹਿਫਾਜ਼ਤੀ) ਆਰਡਰ ਲੈਂਦੇ ਹਨ — ਉਦਾਹਰਣ ਵਜੋਂ, ਕਿਸੇ ਸਾਥੀ ਕਾਮੇ, ਗੁਆਂਢੀ, ਜਾਂ ਪਤੀ/ਪਤਨੀ ਦੀ ਬਜਾਏ ਕਿਸੇ ਹੋਰ ਰਿਸ਼ਤੇਦਾਰ ਵਲੋਂ ਮਾਰ-ਕੁਟਾਈ ਜਾਂ ਜਾਇਦਾਦ ਨੂੰ ਨੁਕਸਾਨ ਹੋਣ ਤੋਂ ਰੋਕਥਾਮ ਕਰਨ ਲਈ। ਪਰ ਅਦਾਲਤਾਂ ਵਲੋਂ ਬਹੁਤੇ ਹਿਫਾਜ਼ਤੀ ਆਰਡਰ ਉਨ੍ਹਾਂ ਔਰਤਾਂ ਨੂੰ ਜਾਰੀ ਕੀਤੇ ਜਾਂਦੇ ਹਨ ਜਿਹੜੀਆਂ ਆਪਣੇ ਮਰਦ ਸਾਥੀ ਜਾਂ ਸਾਬਕਾ-ਸਾਥੀ ਤੋਂ ਹਿਫਾਜ਼ਤ ਲੱਭ ਰਹੀਆਂ ਹਨ।

ਇਹ ਕਿਤਾਬਚਾ, ਬੀ ਸੀ ਵਿਚ ਰਹਿੰਦੀਆਂ ਇਸ ਹਾਲਤ ਵਾਲੀਆਂ ਉਨ੍ਹਾਂ ਔਰਤਾਂ ਲਈ ਲਿਖਿਆ ਗਿਆ ਹੈ, ਜਿਨ੍ਹਾਂ ਨੂੰ ਉਸ ਮਰਦ ਤੋਂ ਹਿਫਾਜ਼ਤ ਦੀ ਲੋੜ ਹੈ ਜਿਸ ਨਾਲ ਉਨ੍ਹਾਂ ਦੇ ਨੇੜਲੇ ਸਬੰਧ ਹਨ ਜਾਂ ਸਬੰਧ ਰਹੇ ਹਨ। ਪਰ ਇੱਥੇ ਦਿੱਤੀ ਜਾਣਕਾਰੀ ਉਨ੍ਹਾਂ ਲੋਕਾਂ 'ਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਸੇਮ-ਸੈਕਸ ਪਾਰਟਨਰਾਂ ਤੋਂ ਹਿਫਾਜ਼ਤ ਦੀ ਲੋੜ ਹੈ ਅਤੇ ਉਨ੍ਹਾਂ ਮਰਦਾਂ 'ਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੂੰ ਆਪਣੀਆਂ ਔਰਤ ਸਾਥਣਾਂ ਜਾਂ ਸਾਬਕਾ-ਸਾਥਣਾਂ ਤੋਂ ਹਿਫਾਜ਼ਤ ਦੀ ਲੋੜ ਹੈ।

**ਇਸ ਕਿਤਾਬਚੇ ਵਿਚ ਕਾਨੂੰਨੀ ਸਲਾਹ ਨਹੀਂ ਹੈ। ਇਹ ਕਿਤਾਬਚਾ ਸਿਰਫ ਕਰਿਮੀਨਲ ਕੋਡ ਆਫ ਕੈਨੇਡਾ ਦੇ ਸੈਕਸ਼ਨ 810 ਅਧੀਨ ਜਾਰੀ ਕੀਤੇ ਜਾਣ ਵਾਲੇ ਪੀਸ ਬੌਂਡਾਂ ਅਤੇ ਬ੍ਰਿਟਿਸ਼ ਕੋਲੰਬੀਆ ਫੈਮਿਲੀ ਰੀਲੇਸ਼ਨਜ਼ ਐਕਟ ਦੇ ਸੈਕਸ਼ਨ 37 ਅਧੀਨ ਜਾਰੀ ਕੀਤੇ ਜਾਣ ਵਾਲੇ ਰੀਸਟਰੇਨਿਗ ਆਰਡਰਾਂ ਬਾਰੇ ਜਾਣਕਾਰੀ ਦਿੰਦਾ ਹੈ।**

# ਤਤਕਰਾ
(Contents)


ਸਹਾਇਤਾ ਮਿਲਦੀ ਹੈ ................................. 1

- ਜੇ ਤੁਹਾਨੂੰ ਫੌਰੀ ਖਤਰਾ ਹੈ
- ਜੇ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ ਪਰ ਤਾਂ ਵੀ ਆਪਣੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ
- ਬ੍ਰਿਟਿਸ਼ ਕੋਲੰਬੀਆ ਵਿਚ ਤਸ਼ੱਦਦ ਦਾ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ

ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ ......................................... 4

- ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ ਕੀ ਹਨ?
- ਇਸ ਤਰ੍ਹਾਂ ਲੱਗਦਾ ਹੈ ਕਿ ਇਹ ਦੋਨੋਂ ਇਕੋ ਜਿਹੀ ਚੀਜ਼ ਹੀ ਕਰਦੇ ਹਨ। ਇਨ੍ਹਾਂ ਵਿਚ ਫਰਕ ਕੀ ਹੈ? ਮੈਨੂੰ ਕਿਸ ਦੀ ਚੋਣ ਕਰਨੀ ਚਾਹੀਦੀ ਹੈ?

ਪੀਸ ਬੌਂਡ ......................................... 8

- ਮੈਂ ਪੀਸ ਬੌਂਡ ਕਿਵੇਂ ਲੈ ਸਕਦੀ ਹਾਂ?
- ਅਗਾਂਹ ਕੀ ਹੁੰਦਾ ਹੈ?
- ਗ੍ਰਿਫਤਾਰੀ ਦੇ ਵਰੰਟ ਅਤੇ ਸੰਮਨਾਂ ਵਿਚ ਕੀ ਫਰਕ ਹੈ?
- ਅਦਾਲਤ ਦੀ ਸੁਣਵਾਈ ਵੇਲੇ ਕੀ ਮੈਨੂੰ ਅਦਾਲਤ ਵਿਚ ਜਾਣਾ ਪਵੇਗਾ?
- ਜੇ ਉਹ ਪੀਸ ਬੌਂਡ ’ਤੇ ਦਸਤਖਤ ਕਰਨ ਤੋਂ ਬਾਅਦ ਮੇਰੇ ਘਰ ਆ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
- ਪੀਸ ਬੌਂਡ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਉਸ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ?
- ਜੇ ਮੈਂ ਪੀਸ ਬੌਂਡ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ?
- ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?
- ਜੇ ਉਹ ਪੀਸ ਬੌਂਡ ਵਿਚ ਹਰ ਦਰਜ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?
- ਜੇ ਪੀਸ ਬੌਂਡ ਦੀ ਮਿਆਦ ਮੁੱਕ ਜਾਵੇ ਅਤੇ ਮੈਨੂੰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?

ਰੀਸਟਰੇਨਿੰਗ ਆਰਡਰ ............................16

- ਮੈਂ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਿਵੇਂ ਕਰ ਸਕਦੀ ਹਾਂ?
- ਕੀ ਮੈਨੂੰ ਵਕੀਲ ਦੀ ਲੋੜ ਪਵੇਗੀ?
- ਇਸ ਦਾ ਕਿੰਨਾ ਖਰਚ ਆਵੇਗਾ?
- ਅਦਾਲਤ ਦੀ ਸੁਣਵਾਈ ਵੇਲੇ ਕੀ ਹੁੰਦਾ ਹੈ?
- ਜੇ ਮੈਨੂੰ ਫੌਰੀ ਹਿਫਾਜ਼ਤ ਦੀ ਲੋੜ ਮਹਿਸੂਸ ਹੋਵੇ ਤਾਂ ਕੀ ਹੋਵੇਗਾ?
- ਮੇਰੇ ਰੀਸਟਰੇਨਿੰਗ ਆਰਡਰ ਲੈ ਲੈਣ ਤੋਂ ਬਾਅਦ ਜੇ ਉਹ ਮੇਰੇ ਘਰ ਆ ਜਾਵੇ ਤਾਂ ਮੈਂ ਕੀ ਕਰਾਂ?
- ਆਰਡਰ ਤੋਂ ਬਾਅਦ ਜੇ ਮੈਂ ਉਸ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨੀ ਚਾਹਾਂ ਤਾਂ ਕੀ ਹੋਵੇਗਾ?
- ਜੇ ਮੈਂ ਰੀਸਟਰੇਨਿੰਗ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ?
- ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?
- ਜੇ ਉਹ ਰੀਸਟਰੇਨਿੰਗ ਆਰਡਰ ਵਿਚ ਦਰਜ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?

ਵਸੀਲੇ..........................................26

# ਸਹਾਇਤਾ ਮਿਲਦੀ ਹੈ

(Help Is Available)

ਜੇ ਤੁਹਾਡੇ ਉੱਤੇ ਤੁਹਾਡੇ ਨਾਲ ਰਹਿੰਦੇ ਜਾਂ ਵਿਆਹੁਤਾ ਸਾਥੀ, ਸਾਬਕਾ ਸਾਥੀ ਜਾਂ ਮਰਦ-ਦੋਸਤ ਨੇ ਤਸ਼ੱਦਦ ਕੀਤਾ ਹੈ ਜਾਂ ਤਸ਼ੱਦਦ ਕਰਨ ਦੀ ਧਮਕੀ ਦਿੱਤੀ ਹੈ ਤਾਂ ਯਾਦ ਰੱਖੋ ਤੁਸੀਂ ਇਕੱਲੇ ਨਹੀਂ ਹੋ — ਸਹਾਇਤਾ ਮਿਲਦੀ ਹੈ।

## ਜੇ ਤੁਹਾਨੂੰ ਫੌਰੀ ਖਤਰਾ ਹੈ

(If you are in immediate danger)

ਕਿਸੇ ਵਲੋਂ ਵੀ ਤੁਹਾਡੇ ਜਾਂ ਤੁਹਾਡੇ ਬੱਚਿਆਂ 'ਤੇ ਹਮਲਾ ਕਰਨਾ, ਤੁਹਾਨੂੰ ਤੰਗ ਕਰਨਾ ਜਾਂ ਤੁਹਾਡਾ ਪਿੱਛਾ ਕਰਨਾ, ਤੁਹਾਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣਾ ਜਾਂ ਤੁਹਾਡੀ ਜਾਇਦਾਦ ਦਾ ਨੁਕਸਾਨ ਕਰਨਾ, ਇਕ ਮੁਜਰਮਾਨਾ ਅਪਰਾਧ (ਜੁਰਮ) ਹੈ।

ਜੇ ਤੁਸੀਂ ਡਰੇ ਹੋਏ ਹੋ ਅਤੇ ਇਹ ਸੋਚਦੇ ਹੋ ਕਿ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਫੌਰੀ ਖਤਰਾ ਹੈ ਤਾਂ ਤੁਰੰਤ ਪੁਲੀਸ ਨੂੰ 911 'ਤੇ ਫੋਨ ਕਰੋ। (ਜੇ ਤੁਹਾਡੇ ਇਲਾਕੇ ਵਿਚ 911 ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਫੋਨ ਬੁੱਕ ਦੇ ਪਹਿਲੇ ਸਫੇ 'ਤੇ Emergency ਥੱਲੇ ਲੋਕਲ ਪੁਲੀਸ ਦਾ ਐਮਰਜੰਸੀ ਫੋਨ ਨੰਬਰ ਦੇਖੋ।) ਪੁਲੀਸ ਦੀ ਤੁਹਾਡੇ ਨਾਲ ਗੱਲਬਾਤ ਤੋਂ ਬਾਅਦ, ਉਹ ਇਹ ਫੈਸਲਾ ਕਰਨਗੇ ਕਿ ਕੀ ਇਸ ਚੀਜ਼ ਦੇ ਕਾਫੀ ਸਬੂਤ ਮੌਜੂਦ ਹਨ ਕਿ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੇ ਮੁਜਰਮਾਨਾ ਅਪਰਾਧ ਕੀਤਾ ਹੈ।

- ਜੇ ਕਾਫੀ ਸਬੂਤ ਹੋਏ ਤਾਂ ਸੰਭਵ ਹੈ ਕਿ ਪੁਲੀਸ ਤੁਹਾਡੇ ਸਾਥੀ ਜਾਂ ਸਾਬਕਾ ਸਾਥੀ ਨੂੰ ਗ੍ਰਿਫਤਾਰ ਕਰ ਲਵੇਗੀ ਅਤੇ ਕਰਾਊਨ ਕੌਂਸਲ (ਸਰਕਾਰੀ ਵਕੀਲ) ਨੂੰ ਕਹੇਗੀ ਕਿ ਉਹ ਉਸ ਦੇ ਖਿਲਾਫ ਮੁਜਰਮਾਨਾ (ਕਰਿਮੀਨਲ) ਮੁਕੱਦਮਾ ਦਾਇਰ ਕਰੇ। ਜੇ ਕਰਾਊਨ (ਸਰਕਾਰੀ ਵਕੀਲ) ਮੁਕੱਦਮੇ ਨੂੰ ਮਨਜ਼ੂਰੀ ਦੇ ਦਿੰਦਾ ਹੈ ਤਾਂ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੂੰ ਅਦਾਲਤ ਵਿਚ ਜਾਣਾ ਪਵੇਗਾ।
- ਜੇ ਕਾਫੀ ਸਬੂਤ ਮੌਜੂਦ ਨਾ ਹੋਏ ਤਾਂ ਪੁਲੀਸ ਤੁਹਾਡੀ, ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਤੋਂ ਹਿਫਾਜ਼ਤ ਕਰਨ ਲਈ ਪੀਸ ਬੌਂਡ ਲਈ ਅਪਲਾਈ ਕਰ ਸਕਦੀ ਹੈ — ਜਿਸ ਨੂੰ "810 ਮੁਚੱਲਕੇ" (810 recognizance) ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ, ਜਾਂ ਉਹ ਤੁਹਾਨੂੰ ਸਲਾਹ ਦੇ ਸਕਦੀ ਹੈ ਕਿ ਤੁਸੀਂ ਸਿਵਲ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰੋ।

## ਸੁਰੱਖਿਅਤ ਮਹਿਸੂਸ ਕਰਨ ਦਾ ਹੱਕ
(The right to feel safe)

ਤੁਹਾਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਪੁਲੀਸ ਤੋਂ ਸਹਾਇਤਾ ਲੈਣ ਦਾ ਹੱਕ ਹੈ। ਇਹ ਉਨ੍ਹਾਂ ਦਾ ਕੰਮ ਹੈ।

ਤੁਸੀਂ ਪੁਲੀਸ ਨੂੰ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਟ੍ਰਾਂਜ਼ੀਸ਼ਨ ਹਾਊਸ, ਜਾਂ ਕਿਸੇ ਸੁਰੱਖਿਅਤ ਘਰ, ਜਾਂ ਕਿਸੇ ਹੋਰ ਸੁਰੱਖਿਅਤ ਥਾਂ — ਜਿਵੇਂ ਕਿ ਕਿਸੇ ਰਿਸ਼ਤੇਦਾਰ ਜਾਂ ਸਹੇਲੀ ਦੇ ਘਰ ਲੈ ਕੇ ਜਾਵੇ।

ਪੁਲੀਸ ਤੁਹਾਨੂੰ ਲੋਕਲ ਵਿਕਟਮ ਸਰਵਿਸਿਜ਼ ਦੇ ਦਫਤਰ ਕੋਲ ਵੀ ਭੇਜ ਸਕਦੀ ਹੈ, ਜਿੱਥੇ ਸਟਾਫ ਤੁਹਾਡੀ ਸਹਾਇਤਾ ਕਰੇਗਾ ਅਤੇ ਤੁਹਾਡੀ ਸੁਰੱਖਿਆ ਦੀ ਨਿੱਜੀ ਵਿਉਂਤ ਬਣਾਉਣ ਲਈ ਤੁਹਾਡੇ ਨਾਲ ਰਲ ਕੇ ਕੰਮ ਕਰੇਗਾ।

# ਜੇ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ ਪਰ ਤਾਂ ਵੀ ਆਪਣੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ
(If you are *not* in immediate danger, but still fear for your safety)

ਜੇ ਤੁਹਾਨੂੰ ਧਮਕੀ ਦਿੱਤੀ ਗਈ ਹੈ ਜਾਂ ਤੁਹਾਡੇ 'ਤੇ ਪਹਿਲਾਂ ਤਸ਼ੱਦਦ ਹੋਇਆ ਹੈ, ਜਾਂ ਤੁਸੀਂ ਭਵਿੱਖ ਵਿਚ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ ਪਰ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ ਤਾਂ ਤੁਸੀਂ:

- ਪੀਸ ਬੌਂਡ ਲੈਣ ਲਈ ਪੁਲੀਸ ਕੋਲ ਜਾ ਸਕਦੇ ਹੋ, ਜਾਂ
- ਸਿਵਲ ਰੀਸਟਰੇਨਿੰਗ ਆਰਡਰ ਲੈਣ ਲਈ ਅਦਾਲਤ ਕੋਲ ਅਪਲਾਈ ਕਰ ਸਕਦੇ ਹੋ।

(ਪੀਸ ਬੌਂਡਾਂ ਅਤੇ ਰੀਸਟਰੇਨਿੰਗ ਆਰਡਰਾਂ ਵਿਚਕਾਰ ਫਰਕਾਂ ਬਾਰੇ ਅਗਲੇ ਸਫਿਆਂ ਵਿਚ ਦੱਸਿਆ ਗਿਆ ਹੈ।)

ਤੁਸੀਂ ਵਕੀਲ ਵੀ ਕਰ ਸਕਦੇ ਹੋ, ਜਾਂ ਇਹ ਪਤਾ ਲਾਉਣ ਲਈ ਲੀਗਲ ਏਡ ਨਾਲ ਗੱਲ ਕਰ ਸਕਦੇ ਹੋ ਕਿ ਕੀ ਤੁਸੀਂ ਲੀਗਲ ਏਡ ਤੋਂ ਮੁਫਤ ਵਕੀਲ ਲੈਣ ਦੇ ਹੱਕਦਾਰ ਹੋ। ਤੁਹਾਡੀ ਸੁਰੱਖਿਆ ਅਤੇ ਤੁਹਾਡੇ ਬੱਚਿਆਂ ਦੀ ਸੁਰੱਖਿਆ ਦੀ ਹਿਫਾਜ਼ਤ ਕਰਨ ਲਈ ਵਕੀਲ ਪ੍ਰੋਟੈਕਸ਼ਨ ਆਰਡਰ ਲੈਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਡੀਆਂ ਹੋਰ ਚੋਣਾਂ ਬਾਰੇ ਤੁਹਾਨੂੰ ਦੱਸ ਸਕਦਾ ਹੈ।

ਇਸ ਤੋਂ ਇਲਾਵਾ, ਬੀ ਸੀ ਦੇ ਕਾਨੂੰਨ ਅਧੀਨ, ਜੇ ਕਿਸੇ ਨੂੰ ਇਹ ਸ਼ੱਕ ਪੈਂਦੀ ਹੈ ਕਿ ਕੋਈ ਬੱਚਾ ਖਤਰੇ ਵਿਚ ਹੈ ਜਾਂ ਇਹ ਜਾਣਦਾ ਹੈ ਕਿ ਕਿਸੇ ਬੱਚੇ ਨਾਲ ਮਾੜਾ ਵਰਤਾਉ ਹੋ ਰਿਹਾ ਹੈ ਜਾਂ ਉਸ ਪ੍ਰਤੀ ਅਣਗਿਹਲੀ ਕੀਤੀ ਜਾ ਰਹੀ ਹੈ ਤਾਂ ਉਸ ਲਈ ਇਸ ਦੀ ਰਿਪੋਰਟ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨਾਲ ਕੰਮ ਕਰਦੇ ਚਾਇਲਡ ਪ੍ਰੋਟੈਕਸ਼ਨ ਸੋਸ਼ਲ ਵਰਕਰ ਨੂੰ ਦੇਣਾ ਜ਼ਰੂਰੀ ਹੈ। ਜੇ ਤੁਹਾਡੇ ਪਰਿਵਾਰ ਲਈ ਕੋਈ ਚਾਇਲਡ ਪ੍ਰੋਟੈਕਸ਼ਨ ਵਰਕਰ ਲਗਾਇਆ ਗਿਆ ਹੈ ਤਾਂ ਤੁਸੀਂ ਵਰਕਰ ਨੂੰ ਕਹਿ ਸਕਦੇ ਹੋ ਕਿ ਉਹ ਦਖਲਅੰਦਾਜ਼ੀ ਦਾ ਆਰਡਰ ਲੈਣ ਲਈ ਅਦਾਲਤ ਕੋਲ ਅਪਲਾਈ ਕਰੇ। ਇਹ ਆਰਡਰ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਤੋਂ ਇਹ ਮੰਗ ਕਰੇਗਾ ਕਿ ਉਹ ਛੇ ਮਹੀਨਿਆਂ ਤੱਕ ਬੱਚਿਆਂ ਤੋਂ ਦੂਰ ਰਹੇ। ਇਸੇ ਸਮੇਂ ਤੁਸੀਂ ਪੀਸ ਬੌਂਡ ਲੈਣ ਲਈ ਪੁਲੀਸ ਕੋਲ ਜਾਂ ਰੀਸਟਰੇਨਿੰਗ ਆਰਡਰ ਲੈਣ ਲਈ ਅਦਾਲਤ ਕੋਲ ਜਾ ਸਕਦੇ ਹੋ, ਅਤੇ/ਜਾਂ ਕਿਸੇ ਵਕੀਲ ਜਾਂ ਲੀਗਲ ਏਡ ਨਾਲ ਗੱਲ ਕਰ ਸਕਦੇ ਹੋ।

ਤੁਸੀਂ ਜੋ ਵੀ ਕਰਨ ਦਾ ਫੈਸਲਾ ਕਰੋ, ਤੁਹਾਨੂੰ ਆਪਣੀ ਕਮਿਉਨਟੀ ਵਿਚ ਵਿਕਟਮ ਸਰਵਿਸਿਜ਼ ਦੇ ਵਰਕਰ ਨਾਲ ਵੀ ਗੱਲ ਕਰਨੀ ਚਾਹੀਦੀ ਹੈ।

## ਬ੍ਰਿਟਿਸ਼ ਕੋਲੰਬੀਆ ਵਿਚ ਤਸ਼ੱਦਦ ਦਾ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ
(Victim services in British Columbia)

ਸੂਬੇ ਭਰ ਵਿਚ ਬਹੁਤੇ ਇਲਾਕਿਆਂ ਵਿਚ ਤਸ਼ੱਦਦ ਦਾ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ (ਵਿਕਟਮ ਸਰਵਿਸਿਜ਼) ਮਿਲਦੀਆਂ ਹਨ। ਤਸ਼ੱਦਦ ਦਾ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ ਦੇਣ ਵਾਲੇ ਵਰਕਰ ਅੱਗੇ ਲਿਖੀਆਂ ਚੀਜ਼ਾਂ ਕਰਨ ਲਈ ਪੂਰੀ ਤਰ੍ਹਾਂ ਟਰੇਂਡ ਹੁੰਦੇ ਹਨ:

- ਜਜ਼ਬਾਤੀ ਸਹਾਇਤਾ;
- ਅਮਲੀ ਸਹਾਇਤਾ, ਜਿਵੇਂ ਪੁਲੀਸ ਨਾਲ ਗੱਲ ਕਰਨ ਲਈ ਤੁਹਾਡੇ ਨਾਲ ਜਾਣਾ ਜਾਂ ਅਦਾਲਤ ਵਿਚ ਜਾਣਾ, ਜਾਂ ਫਾਰਮ ਭਰਨ ਵਿਚ ਤੁਹਾਡੀ ਮਦਦ ਕਰਨਾ;
- ਕਰਿਮੀਨਲ ਜਸਟਿਸ ਸਿਸਟਮ, ਅਦਾਲਤ ਦੀ ਕਾਰਵਾਈ, ਅਤੇ ਤੁਹਾਡੇ ਕੇਸ ਦੀ ਹਾਲਤ ਬਾਰੇ ਜਾਣਕਾਰੀ ਦੇਣਾ; ਅਤੇ
- ਜੇ ਤੁਹਾਨੂੰ ਲੋੜ ਹੋਵੇ ਤਾਂ ਤੁਹਾਨੂੰ ਕਮਿਉਨਟੀ ਦੇ ਹੋਰ ਵਸੀਲਿਆਂ ਕੋਲ ਭੇਜਣਾ।

ਸਾਰੀਆਂ ਵਿਕਟਮ ਸੇਵਾਵਾਂ ਮੁਫਤ ਹਨ। ਆਪਣੇ ਨੇੜੇ ਦੇ ਵਿਕਟਮ ਸਰਵਿਸਿਜ਼ ਦੇ ਦਫਤਰ ਦਾ ਪਤਾ ਲਾਉਣ ਲਈ ਫੋਨ ਕਰੋ:

**ਵਿਕਟਮਲਿੰਕ (ਮੁਫਤ ਫੋਨ)**
**1-800-563-0808**
**ਹਫਤੇ ਦੇ ਸੱਤੇ ਦਿਨ, ਦਿਨ ਦੇ 24 ਘੰਟੇ**

ਵਿਕਟਮਲਿੰਕ, ਬੀ ਸੀ ਦੀ ਇਕ ਗੁਪਤ ਅਤੇ ਕਈ ਭਾਸ਼ਾਵਾਂ ਵਿਚ ਸਹਾਇਤਾ ਅਤੇ ਜਾਣਕਾਰੀ ਦੇਣ ਵਾਲੀ ਲਾਈਨ ਹੈ ਜੋ ਕਿ ਜੁਰਮ ਦਾ ਸ਼ਿਕਾਰ ਹੋਏ ਵਿਅਕਤੀਆਂ, ਜਿਸ ਵਿਚ ਪਰਿਵਾਰਕ ਅਤੇ ਕਾਮੁਕ ਤਸ਼ੱਦਦ ਦਾ ਸ਼ਿਕਾਰ ਹੋਏ ਵਿਅਕਤੀ ਵੀ ਸ਼ਾਮਲ ਹਨ, ਦੀ ਸਹਾਇਤਾ ਕਰਦੀ ਹੈ।

ਜੇ ਤੁਹਾਨੂੰ ਉੱਚਾ ਸੁਣਦਾ ਹੈ ਜਾਂ ਬੋਲ ਨਹੀਂ ਹੁੰਦਾ ਤਾਂ 24 ਘੰਟੇ ਫੋਨ ਕਰੋ:

**ਟੈੱਲਅੱਸ ਮੈਸੇਜ ਰੀਲੇਅ ਸੈਂਟਰ**
1-800-855-0511 ਜਾਂ
711 (ਜੇ ਤੁਹਾਡੇ ਕੋਲ ਟੀ ਟੀ ਵਾਈ/ਵੀ ਸੀ ਓ ਟੈਲੀਫੋਨ ਹੈ)

# ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ

(Peace Bonds and Restraining Orders)

## ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ ਕੀ ਹਨ?

(What are peace bonds and restraining orders?)

ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ ਦੋਨੋਂ ਹਿਫਾਜ਼ਤੀ ਆਰਡਰ ਹਨ — ਜੋ ਕਿ ਇਕ ਵਿਅਕਤੀ ਦੀ ਦੂਜੇ ਵਿਅਕਤੀ ਤੋਂ ਹਿਫਾਜ਼ਤ ਕਰਨ ਲਈ ਅਦਾਲਤ ਵਿਚ ਜੱਜ ਵਲੋਂ ਜਾਰੀ ਕੀਤੇ ਜਾਂਦੇ ਹਨ (ਪੀਸ ਬੌਂਡਾਂ ਲਈ ਕਰਿਮੀਨਲ ਕੋਰਟ ਵਲੋ, ਰੀਸਟਰੇਨਿੰਗ ਆਰਡਰਾਂ ਲਈ ਸਿਵਲ ਕੋਰਟਾਂ ਵਲੋਂ)।

- ਤੁਹਾਡੀਆਂ ਨਿੱਜੀ ਲੋੜਾਂ ਮੁਤਾਬਕ ਦੋਨਾਂ ਕਿਸਮਾਂ ਦੇ ਆਰਡਰ ਖਾਸ ਸ਼ਰਤਾਂ ਲਾਉਂਦੇ ਹਨ ਜਿਨ੍ਹਾਂ ਦੀ ਪਾਲਣਾ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੂੰ ਜ਼ਰੂਰ ਕਰਨੀ ਪੈਂਦੀ ਹੈ। ਆਮ ਤੌਰ ’ਤੇ ਆਰਡਰ ਵਿਚ ਇਹ ਕਿਹਾ ਗਿਆ ਹੋਵੇਗਾ ਕਿ ਤੁਹਾਡਾ ਸਾਥੀ ਜਾਂ ਸਾਬਕਾ ਸਾਥੀ ਤੁਹਾਡੇ ਅਤੇ/ਜਾਂ ਤੁਹਾਡੇ ਬੱਚਿਆਂ ਨਾਲ

ਸਿੱਧਾ ਜਾਂ ਅਸਿੱਧਾ ਕੋਈ ਸੰਪਰਕ ਨਹੀਂ ਰੱਖ ਸਕਦਾ — ਤੁਹਾਡੇ ਘਰ ਜਾਂ ਕੰਮ 'ਤੇ ਨਾ ਜਾਣਾ, ਕੋਈ ਫੋਨ ਨਹੀਂ ਕਰਨਾ ਜਾਂ ਚਿੱਠੀਆਂ ਨਾ ਪਾਉਣਾ, ਅਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੇ ਰਾਹੀਂ ਸੁਨੇਹੇ ਨਾ ਘੱਲਣਾ।

- ਦੋਨਾਂ ਕਿਸਮਾਂ ਦੇ ਆਰਡਰਾਂ ਦੀ ਪਾਲਣਾ ਹੋਣੀ ਜ਼ਰੂਰੀ ਹੈ ਅਤੇ ਪਾਲਣਾ ਨਾ ਕਰਨ 'ਤੇ ਤੁਹਾਡੇ ਸਾਥੀ ਜਾਂ ਸਾਬਕਾ ਸਾਥੀ ਨੂੰ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਵਿਚ ਜੁਰਮਾਨਾ ਅਤੇ/ਜਾਂ ਜੇਲ੍ਹ ਸ਼ਾਮਲ ਹੋ ਸਕਦੇ ਹਨ।
- ਦੋਨਾਂ ਕਿਸਮਾਂ ਦੇ ਆਰਡਰ ਬ੍ਰਿਟਿਸ਼ ਕੋਲੰਬੀਆ ਵਿਚ ਕਿਤੇ ਵੀ ਲਾਗੂ ਹੋ ਸਕਦੇ ਹਨ। ਇਸ ਦਾ ਮਤਲਬ ਹੈ ਕਿ ਜੇ ਤੁਸੀਂ ਖਤਰੇ ਵਿਚ ਹੋਵੋ ਤਾਂ ਪੁਲੀਸ ਆਰਡਰ ਵਿਚਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੀ ਹੈ।
- ਦੋਨਾਂ ਕਿਸਮਾਂ ਦੇ ਆਰਡਰ, ਜੱਜ ਦੇ ਦਸਤਖਤਾਂ ਤੋਂ ਬਾਅਦ ਪ੍ਰੋਟੈਕਸ਼ਨ ਆਰਡਰ ਰਜਿਸਟਰੀ ਵਿਚ ਦਰਜ ਹੋ ਜਾਂਦੇ ਹਨ।

## ਪ੍ਰੋਟੈਕਸ਼ਨ ਆਰਡਰ ਰਜਿਸਟਰੀ

(The Protection Order Registry)

ਪ੍ਰੋਟੈਕਸ਼ਨ ਆਰਡਰ ਰਜਿਸਟਰੀ, ਬੀ ਸੀ ਦੀਆਂ ਅਦਾਲਤਾਂ ਵਲੋਂ ਜਾਰੀ ਕੀਤੇ ਗਏ ਹਿਫਾਜ਼ਤੀ ਆਰਡਰਾਂ ਦਾ ਇਕ ਕੰਪਿਊਟਰੀ ਰਿਕਾਰਡ ਹੈ। ਜੇ ਤੁਸੀਂ ਪੁਲੀਸ ਨੂੰ ਇਹ ਕਹਿਣ ਲਈ ਫੋਨ ਕਰਦੇ ਹੋ ਕਿ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੇ ਪ੍ਰੋਟੈਕਸ਼ਨ ਆਰਡਰ ਦੀ ਪਾਲਣਾ ਨਹੀਂ ਕੀਤੀ ਤਾਂ ਪੁਲੀਸ ਤੁਹਾਡੇ ਆਰਡਰ ਦੇ ਅੰਸ਼ਾਂ ਅਤੇ ਦਰਜੇ ਬਾਰੇ ਨਵੀਂ ਜਾਣਕਾਰੀ ਲੈਣ ਲਈ ਇਕ ਕੇਂਦਰੀ (ਸੈਂਟਰਲ) ਨੰਬਰ ਨੂੰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਫੋਨ ਕਰ ਸਕਦੀ ਹੈ। ਫਿਰ ਉਹ ਆਰਡਰ ਨੂੰ ਫੌਰੀ ਲਾਗੂ ਕਰਨ ਲਈ ਕਾਰਵਾਈ ਕਰ ਸਕਦੀ ਹੈ।

## ਤਸਦੀਕ

(Confirmation)

ਤੁਸੀਂ ਕਿਸੇ ਵੀ ਵੇਲੇ ਵਿਕਟਮਲਿੰਕ ਨੂੰ 1-800-563-0808 'ਤੇ ਮੁਫਤ ਫੋਨ ਕਰਕੇ ਇਹ ਪੱਕਾ ਪਤਾ ਕਰ ਸਕਦੇ ਹੋ ਕਿ ਕੀ ਤੁਹਾਡਾ ਪ੍ਰੋਟੈਕਸ਼ਨ ਆਰਡਰ ਡੈਟਾਬੇਸ ਵਿਚ ਰਜਿਸਟਰ ਹੈ।

### ਇਤਲਾਹ
(Notification)

ਜੇ ਤੁਹਾਡੇ ਆਰਡਰ ਵਿਚਲਾ ਵਿਅਕਤੀ ਸੂਬੇ ਦੀ ਕਿਸੇ ਜੇਲ੍ਹ ਵਿਚ ਹੈ ਤਾਂ ਤੁਸੀਂ ਕੌਨਫੀਡੈਂਸ਼ਲ ਕੌਨਟੈਕਟ ਇਨਫਰਮੇਸ਼ਨ ਫਾਰਮ (ਪੀ ਐੱਫ ਏ 109) ਫਾਇਲ ਕਰ ਸਕਦੇ ਹੋ ਜੋ ਕਿ ਤੁਹਾਡੇ ਨੇੜੇ ਦੇ ਵਿਕਟਮ ਸਰਵਿਸਿਜ਼ ਆਫਿਸ ਰਾਹੀਂ ਜਾਂ ਲੋਕਲ ਕੋਰਟ ਹਾਊਸ ਰਾਹੀਂ ਮਿਲ ਸਕਦਾ ਹੈ। ਜਦੋਂ ਉਹ ਵਿਅਕਤੀ ਜੇਲ੍ਹ ਤੋਂ ਰਿਹਾ ਹੋਣ ਵਾਲਾ ਹੋਇਆ ਤਾਂ ਵਿਕਟਮ ਨੋਟੀਫੀਕੇਸ਼ਨ ਸਟਾਫ ਤੁਹਾਡੇ ਨਾਲ ਸੰਪਰਕ ਕਰੇਗਾ। ਆਪਣੇ ਨੇੜੇ ਦੇ ਵਿਕਟਮ ਸਰਵਿਸਿਜ਼ ਦੇ ਦਫਤਰ ਦਾ ਪਤਾ ਲਾਉਣ ਲਈ ਵਿਕਟਮਲਿੰਕ ਨੂੰ ਫੋਨ ਕਰੋ।

## ਇਸ ਤਰ੍ਹਾਂ ਲੱਗਦਾ ਹੈ ਕਿ ਇਹ ਦੋਨੋਂ ਇਕੋ ਜਿਹੀ ਚੀਜ਼ ਹੀ ਕਰਦੇ ਹਨ। ਇਨ੍ਹਾਂ ਵਿਚ ਫਰਕ ਕੀ ਹੈ? ਮੈਨੂੰ ਕਿਸ ਦੀ ਚੋਣ ਕਰਨੀ ਚਾਹੀਦੀ ਹੈ?
(They sound like they do the same thing. How are they different? Which one should I choose?)

ਜੇ ਤੁਸੀਂ ਫੌਰੀ ਖਤਰੇ ਵਿਚ ਨਹੀਂ ਹੋ (ਜੇ ਹੋਵੋ ਤਾਂ ਤੁਹਾਨੂੰ ਪੁਲੀਸ ਨੂੰ ਫੋਨ ਕਰਨਾ ਚਾਹੀਦਾ ਹੈ) ਤਾਂ ਇਹ ਫੈਸਲਾ ਤੁਸੀਂ ਕਰਨਾ ਹੈ ਕਿ ਕਿਹੜਾ ਪ੍ਰੋਟੈਕਸ਼ਨ ਆਰਡਰ ਤੁਹਾਡੇ ਲਈ ਜ਼ਿਆਦਾ ਢੁਕਵਾਂ ਹੈ। ਇਨ੍ਹਾਂ ਵਿਚ ਕਈ ਮਹੱਤਵਪੂਰਨ ਫਰਕ ਹਨ:

| ਪੀਸ ਬੌਂਡ (Peace Bonds) | ਰੀਸਟਰੇਨਿੰਗ ਆਰਡਰ (Restraining Orders) |
|---|---|
| ਤੁਸੀਂ ਕਿਸੇ ਤੋਂ ਵੀ ਆਪਣੀ ਹਿਫਾਜ਼ਤ ਲਈ ਪੀਸ ਬੌਂਡ ਲਈ ਅਪਲਾਈ ਕਰ ਸਕਦੇ ਹੋ, ਜਿਸ ਵਿਚ ਉਹ ਵਿਅਕਤੀ ਵੀ ਸ਼ਾਮਲ ਹੈ ਜਿਸ ਨਾਲ ਅਜੇ ਤੁਹਾਡਾ ਡੇਟਿੰਗ ਦਾ ਹੀ ਸਬੰਧ ਸੀ, ਜਿਵੇਂ ਕਿ ਬੋਆਇਫਰਿੰਡ ਜਾਂ ਸਾਬਕਾ-ਬੋਆਇਫਰਿੰਡ। | ਰੀਸਟਰੇਨਿੰਗ ਆਰਡਰ ਲਈ ਪਰਿਵਾਰਕ ਸੰਬੰਧ ਹੋਣਾ ਜ਼ਰੂਰੀ ਹੈ — ਉਦਾਹਰਣ ਲਈ ਤੁਸੀਂ ਵਿਆਹੇ ਹੋਏ ਹੋ ਜਾਂ ਸੀ ਜਾਂ ਇਕੱਠੇ ਰਹਿੰਦੇ ਸੀ, ਜਾਂ ਤੁਹਾਡੇ ਇਕੱਠਿਆਂ ਦੇ ਬੱਚੇ ਹਨ। |

| ਪੀਸ ਬੌਂਡ<br>(Peace Bonds) | ਰੀਸਟਰੇਨਿੰਗ ਆਰਡਰ<br>(Restraining Orders) |
|---|---|
| ਜੇ ਤੁਹਾਨੂੰ ਆਪਣੀ ਸੁਰੱਖਿਆ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਖਤਰਾ ਮਹਿਸੂਸ ਹੋਵੇ ਤਾਂ ਪੀਸ ਬੌਂਡ ਲੈਣ ਲਈ ਤੁਹਾਨੂੰ ਪੁਲੀਸ ਕੋਲ ਜਾਣਾ ਚਾਹੀਦਾ ਹੈ। | ਜੇ ਤੁਸੀਂ ਆਪਣੀ ਸੁਰੱਖਿਆ ਲਈ ਡਰਦੇ ਹੋ, ਜਾਂ ਘੱਟ ਗੰਭੀਰ ਸਮੱਸਿਆਵਾਂ ਹਨ — ਉਦਾਹਰਣ ਲਈ, ਆਪਣੇ ਸਾਥੀ ਜਾਂ ਸਾਬਕਾ — ਸਾਥੀ ਨੂੰ ਹਰ ਰੋਜ਼ ਤੁਹਾਨੂੰ ਫੋਨ ਕਰਨ ਤੋਂ ਰੋਕਣਾ, ਜਾਂ ਉਸ ਨੂੰ ਤੁਹਾਡੇ ਘਰ ਜਾਂ ਤੁਹਾਡੇ ਬੱਚੇ ਦੇ ਸਕੂਲ ਵਿਚ ਬਿਨਾਂ ਸੱਦੇ ਆਉਣ ਤੋਂ ਰੋਕਣਾ ਤਾਂ ਤੁਸੀਂ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰ ਸਕਦੇ ਹੋ। |
| ਪੀਸ ਬੌਂਡ ਲਈ ਅਪਲਾਈ ਕਰਨ ਲਈ ਤੁਹਾਨੂੰ ਵਕੀਲ ਦੀ ਲੋੜ ਨਹੀਂ ਹੈ। ਤੁਹਾਡੇ ਲਈ ਪੁਲੀਸ ਅਪਲਾਈ ਕਰੇਗੀ ਅਤੇ ਕਰਾਊਨ ਕੌਂਸਲ (ਸਰਕਾਰੀ ਵਕੀਲ) ਤੁਹਾਡਾ ਕੇਸ ਅਦਾਲਤ ਵਿਚ ਲੜੇਗਾ। ਸੁਣਵਾਈ ਕਰਿਮੀਨਲ ਕੋਰਟ ਵਿਚ ਹੋਵੇਗੀ। | ਤੁਸੀਂ ਰੀਸਟਰੇਨਿੰਗ ਆਰਡਰ ਲਈ ਅਪਲਾਈ ਵਕੀਲ ਦੀ ਮਦਦ ਨਾਲ ਜਾਂ ਮਦਦ ਤੋਂ ਬਗੈਰ ਕਰ ਸਕਦੇ ਹੋ (ਇਹ ਤੁਹਾਡੀ ਚੋਣ ਹੈ) ਪਰ ਵਕੀਲ ਨਾਲ ਅਪਲਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਤੁਸੀਂ ਲੀਗਲ ਏਡ ਦੇ ਹੱਕਦਾਰ ਨਹੀਂ ਹੋ ਤਾਂ ਵਕੀਲ ਦੀਆਂ ਫੀਸਾਂ ਦੇਣ ਦੀ ਜ਼ਿੰਮੇਵਾਰੀ ਤੁਹਾਡੀ ਹੈ। (ਲੀਗਲ ਏਡ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਸਫਾ 29 ਦੇਖੋ।) ਸੁਣਵਾਈ ਸਿਵਲ (ਫੈਮਿਲੀ) ਕੋਰਟ ਵਿਚ ਹੋਵੇਗੀ। |
| ਪੀਸ ਬੌਂਡ ਲਈ ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ। | ਸੂਬਾਈ ਅਦਾਲਤ ਵਿਚ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰਨ ਦੀ ਕੋਈ ਫੀਸ ਨਹੀਂ ਹੈ। ਸੁਪਰੀਮ ਕੋਰਟ ਵਿਚ ਅਪਲਾਈ ਕਰਨ ਲਈ ਤੁਹਾਨੂੰ ਤਕਰਬੀਨ 200 ਡਾਲਰ ਦੀ ਫਾਇਲਿੰਗ ਫੀਸ ਦੇਣੀ ਪਵੇਗੀ, ਪਰ ਜੇ ਤੁਸੀਂ ਲੀਗਲ ਏਡ ਦੇ ਹੱਕਦਾਰ ਹੋ ਤਾਂ ਤੁਹਾਨੂੰ ਇਹ ਫੀਸ ਨਹੀਂ ਦੇਣੀ ਪਵੇਗੀ। (ਅਦਾਲਤਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਸਫਾ 16 ਦੇਖੋ।) |

| ਪੀਸ ਬੌਂਡ (Peace Bonds) | ਰੀਸਟਰੇਨਿੰਗ ਆਰਡਰ (Restraining Orders) |
| --- | --- |
| ਪੀਸ ਬੌਂਡ ਦੀ ਮਿਆਦ ਇਕ ਸਾਲ ਤੱਕ ਹੈ ਪਰ ਕੁਝ ਹਾਲਤਾਂ ਵਿਚ ਨਵਿਆਇਆ ਜਾ ਸਕਦਾ ਹੈ। (ਸਫਾ 15 ਦੇਖੋ।) | ਜੇ ਜੱਜ ਖ਼ਤਮ ਹੋਣ ਦੀ ਤਰੀਕ ਨਹੀਂ ਦੱਸ ਦਿੰਦਾ ਤਾਂ ਰੀਸਟਰੇਨਿੰਗ ਆਰਡਰ ਦੇ ਸਮੇਂ ਦੀ ਕੋਈ ਹੱਦ ਨਹੀਂ ਹੈ। |
| ਬੀ ਸੀ ਵਿੱਚੋਂ ਲਏ ਗਏ ਪੀਸ ਬੌਂਡ ਅਤੇ ਰੀਸਟਰੇਨਿੰਗ ਆਰਡਰ ਦੋਨੋਂ ਬੀ ਸੀ ਵਿਚ ਕਿਤੇ ਵੀ ਲਾਗੂ ਕੀਤੇ ਜਾ ਸਕਦੇ ਹਨ ਪਰ ਕੈਨੇਡਾ ਵਿਚ ਹੋਰ ਕਿਧਰੇ ਸਿਰਫ ਪੀਸ ਬੌਂਡ ਦੇ ਲਾਗੂ ਹੋਣ ਦੀ ਹੀ ਗਰੰਟੀ ਹੈ। | ਬੀ ਸੀ ਵਿਚੋਂ ਜਾਰੀ ਕੀਤੇ ਗਏ ਰੀਸਟਰੇਨਿੰਗ ਆਰਡਰ ਨੂੰ ਹੋਰ ਕਿਸੇ ਸੂਬੇ ਵਿਚ ਵਾਜਬ ਮੰਨੇ ਜਾਣ ਦੀ ਸੰਭਾਵਨਾ ਨਹੀਂ ਹੈ। ਜੇ ਤੁਸੀਂ ਬੀ ਸੀ ਵਿਚੋਂ ਬਾਹਰ ਮੂਵ ਹੋ ਜਾਂਦੇ ਹੋ ਤਾਂ ਤੁਹਾਨੂੰ ਆਪਣੇ ਨਵੇਂ ਇਲਾਕੇ ਵਿਚ ਇਕ ਹੋਰ ਰੀਸਟਰੇਨਿੰਗ ਆਰਡਰ ਲੈਣ ਲਈ ਅਪਲਾਈ ਕਰਨਾ ਪੈ ਸਕਦਾ ਹੈ। |

# ਪੀਸ ਬੌਂਡ
(Peace Bonds)

## ਮੈਂ ਪੀਸ ਬੌਂਡ ਕਿਵੇਂ ਲੈ ਸਕਦੀ ਹਾਂ?
(How do I get a peace bond?)

ਆਪਣੀ ਲੋਕਲ ਪੁਲੀਸ ਨੂੰ ਫੋਨ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਹਾਨੂੰ ਪੀਸ ਬੌਂਡ ਦੀ ਲੋੜ ਹੈ (ਰਸਮੀ, ਕਾਨੂੰਨੀ ਨਾਂ “810 ਮੁਚੱਲਕਾ” [810 recognizance] ਹੈ) (ਵੈਨਕੂਵਰ ਵਿਚ, ਪੀਸ ਬੌਂਡ ਲੈਣ ਲਈ 911 ’ਤੇ ਫੋਨ ਕਰੋ, ਭਾਵੇਂ ਕਿ ਇਹ ਐਮਰਜੰਸੀ ਨਾ ਵੀ ਹੋਵੇ।) ਕੋਈ ਪੁਲੀਸ ਅਫਸਰ ਤੁਹਾਨੂੰ ਇਹ ਪੁੱਛੇਗਾ ਕਿ ਤੁਸੀਂ ਉਸ ਨੂੰ ਇਹ ਦੱਸੋ ਕਿ ਕਿਹੜੀ ਗੱਲ ਹੋਈ ਹੈ ਜਿਸ ਨਾਲ ਤੁਸੀਂ ਡਰੇ ਜਾਂ ਖਤਰੇ ਵਿਚ ਮਹਿਸੂਸ ਕਰਦੇ ਹੋ।

ਪਹਿਲਾਂ ਵਾਪਰੀਆਂ ਘਟਨਾਵਾਂ ਬਾਰੇ ਜੇ ਤੁਸੀਂ ਕੋਈ ਜਾਣਕਾਰੀ ਲਿਖੀ ਹੋਈ ਹੈ ਤਾਂ ਉਹ ਅਫਸਰ ਨੂੰ ਦੱਸੋ, ਜੇ ਤੁਹਾਨੂੰ ਧਮਕਾਉਣ ਵਾਲੀਆਂ ਚਿੱਠੀਆਂ, ਈ-ਮੇਲਾਂ ਭੇਜੀਆਂ ਗਈਆਂ ਹਨ ਜਾਂ ਆਂਸਰਿੰਗ ਮਸ਼ੀਨ ਤੇ ਸੁਨੇਹੇ ਛੱਡੇ ਗਏ ਹਨ, ਜਾਂ ਜੇ ਕਿਸੇ ਨੇ ਤੁਹਾਡੇ ਸਾਥੀ ਜਾਂ ਸਾਬਕਾ ਸਾਥੀ ਨੂੰ ਹਿੰਸਕ ਹੁੰਦਿਆਂ ਜਾਂ ਤੁਹਾਨੂੰ ਧਮਕੀ ਦਿੰਦਿਆਂ ਦੇਖਿਆ ਹੈ।

## ਜਦੋਂ ਤੁਸੀਂ ਪੁਲੀਸ ਨਾਲ ਗੱਲ ਕਰੋ
(When you speak to the police)

ਚੇਤੇ ਨਾਲ ਪੁਲੀਸ ਕੇਸ ਜਾਂ ਫਾਇਲ ਨੰਬਰ ਅਤੇ ਅਫਸਰ ਦਾ ਨਾਂ ਲਿਖ ਲਵੋ।

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਵੇ ਤਾਂ ਉਸੇ ਅਫਸਰ ਨਾਲ ਗੱਲ ਕਰਨ ਵਿਚ ਸੌਖ ਹੈ ਜੋ ਕਿ ਤੁਹਾਡੇ ਅਤੇ ਤੁਹਾਡੇ ਕੇਸ ਤੋਂ ਜਾਣੂ ਹੋਵੇਗਾ।

# ਅਗਾਂਹ ਕੀ ਹੁੰਦਾ ਹੈ?
(What happens next?)

ਜੇ ਪੁਲੀਸ ਅਫਸਰ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਤੁਹਾਡੇ ਡਰਨ ਦਾ ਵਾਜਬ ਕਾਰਨ ਹੈ ਤਾਂ ਉਹ ਅਫਸਰ ਕਰਾਊਨ ਕੌਂਸਲ (ਸਰਕਾਰੀ ਵਕੀਲ) ਨੂੰ ਇਕ ਰਿਪੋਰਟ ਭੇਜੇਗਾ ਜਿਸ ਵਿਚ ਤੁਹਾਡੀ ਹਾਲਤ ਬਾਰੇ ਦੱਸਿਆ ਗਿਆ ਹੋਵੇਗਾ ਅਤੇ ਇਹ ਵੀ ਦੱਸਿਆ ਗਿਆ ਹੋਵੇਗਾ ਕਿ ਤੁਸੀਂ ਪੀਸ ਬੌਂਡ ਦੀ ਹਿਫਾਜ਼ਤ ਦੀ ਲੋੜ ਕਿਉਂ ਮਹਿਸੂਸ ਕਰਦੇ ਹੋ।

ਅਫਸਰ ਦੀ ਰਿਪੋਰਟ ਵਿਚ ਇਹ ਸ਼ਾਮਲ ਹੋਵੇਗਾ ਕਿ ਪੀਸ ਬੌਂਡ ਵਿਚ ਤੁਸੀਂ ਕੀ ਚਾਹੁੰਦੇ ਹੋ — ਉਦਾਹਰਣ ਵਜੋਂ, ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਤੁਹਾਡੇ ਜਾਂ ਤੁਹਾਡੇ ਬੱਚਿਆਂ ਨਾਲ ਕੋਈ ਸੰਪਰਕ ਨਾ ਰੱਖੇ ਤਾਂ ਤੁਹਾਨੂੰ ਇਹ ਚੀਜ਼ ਆਪਣੇ ਪੀਸ ਬੌਂਡ ਵਿਚ ਰੱਖਣ ਲਈ ਕਹਿਣਾ ਪਵੇਗਾ।

ਕਰਾਊਨ ਕੌਂਸਲ ਇਹ ਫੈਸਲਾ ਕਰਨ ਲਈ ਰਿਪੋਰਟ 'ਤੇ ਵਿਚਾਰ ਕਰੇਗਾ ਕਿ ਕੀ ਪੀਸ ਬੌਂਡ ਲਈ ਅਪਲਾਈ ਕਰਨ ਲਈ ਕਾਫੀ ਸਬੂਤ ਮੌਜੂਦ ਹਨ। ਜੇ ਕਰਾਊਨ ਕੌਂਸਲ ਇਸ ਗੱਲ ਨਾਲ ਸਹਿਮਤ ਹੁੰਦਾ ਹੈ ਕਿ ਸਬੂਤ ਮੌਜੂਦ ਹਨ ਤਾਂ ਉਹ ਅਦਾਲਤ ਨੂੰ ਕਹੇਗਾ ਕਿ ਗ੍ਰਿਫਤਾਰੀ ਦੇ (ਅਰਿਸਟ) ਵਰੰਟ ਜਾਂ ਸੰਮਨ ਜਾਰੀ ਕੀਤੇ ਜਾਣ।

# ਗ੍ਰਿਫਤਾਰੀ ਦੇ ਵਰੰਟ ਅਤੇ ਸੰਮਨਾਂ ਵਿਚ ਕੀ ਫਰਕ ਹੈ?

(What is the difference between an arrest warrant and a summons?)

## ਗ੍ਰਿਫਤਾਰੀ ਦੇ ਵਰੰਟ

(An arrest warrant)

ਜੇ ਤੁਹਾਨੂੰ ਹਿਫਾਜ਼ਤ ਦੀ ਫੌਰੀ ਲੋੜ ਹੋਈ ਤਾਂ ਕਰਾਊਨ ਕੌਂਸਲ ਗ੍ਰਿਫਤਾਰੀ ਦੇ ਵਰੰਟ ਦੀ ਮੰਗ ਕਰੇਗਾ। ਇਸ ਦਾ ਮਤਲਬ ਹੈ ਕਿ ਪੁਲੀਸ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੂੰ ਉਸ ਵੇਲੇ ਹੀ ਗ੍ਰਿਫਤਾਰ ਕਰਨ ਦੇ ਯੋਗ ਹੋਵੇਗੀ ਜਦੋਂ ਉਹ ਉਸ ਨੂੰ ਲੱਭ ਲਵੇਗੀ।

ਉਸ ਦੇ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਦੋ ਚੀਜ਼ਾਂ ਵਿਚੋਂ ਇਕ ਹੋਵੇਗੀ:

- ਉਸ ਨੂੰ ਕੁਝ ਖਾਸ ਸ਼ਰਤਾਂ 'ਤੇ ਪੁਲੀਸ ਦੀ ਹਿਰਾਸਤ ਵਿਚੋਂ ਛੱਡ ਦਿੱਤਾ ਜਾਵੇਗਾ, ਜਾਂ
- ਉਸ ਨੂੰ ਉਦੋਂ ਤੱਕ ਪੁਲੀਸ ਹਿਰਾਸਤ ਵਿਚ ਰੱਖਿਆ ਜਾਵੇਗਾ ਜਦ ਤੱਕ ਉਸ ਨੂੰ ਜ਼ਮਾਨਤ ਦੀ ਸੁਣਵਾਈ ਲਈ ਅਦਾਲਤ ਵਿਚ ਨਹੀਂ ਲਿਆਇਆ ਜਾਂਦਾ (ਤੁਹਾਨੂੰ ਉੱਥੇ ਹੋਣ ਦੀ ਲੋੜ ਨਹੀਂ ਹੈ), ਜਿੱਥੇ ਅਦਾਲਤ ਉਸ ਨੂੰ ਰਿਹਾ ਕਰਨ ਲਈ ਸ਼ਰਤਾਂ ਲਾਏਗੀ।

ਦੋਨਾਂ ਕੇਸਾਂ ਵਿਚ ਰਿਹਾਈ ਦੀਆਂ ਸ਼ਰਤਾਂ ਵਿਚ ਇਹ ਸ਼ਾਮਲ ਹੋਣ ਦੀ ਜ਼ਿਆਦਾ ਸੰਭਾਵਨਾ ਹੈ ਕਿ ਤੁਹਾਡੇ ਜਾਂ ਤੁਹਾਡੇ ਬੱਚਿਆਂ ਨਾਲ ਸਿੱਧੇ ਤੌਰ 'ਤੇ ਜਾਂ ਅਸਿੱਧੇ ਤੌਰ 'ਤੇ ਕੋਈ ਸੰਪਰਕ ਨਹੀਂ ਕੀਤਾ ਜਾਵੇਗਾ — ਇਸ ਦਾ ਮਤਲਬ ਹੈ ਕਿ ਕੋਈ ਆਹਮੋ ਸਾਹਮਣੇ ਦਾ ਸੰਪਰਕ ਨਹੀਂ, ਕੋਈ ਫੋਨ ਜਾਂ ਚਿੱਠੀਆਂ ਨਹੀਂ, ਅਤੇ ਦੋਸਤਾਂ ਜਾਂ ਰਿਸ਼ਤੇਦਾਰਾਂ ਰਾਹੀਂ ਕੋਈ ਸੁਨੇਹਾ ਨਹੀਂ। ਇਹ ਸ਼ਰਤਾਂ ਇਹ ਵੀ ਮੰਗ ਕਰ ਸਕਦੀਆਂ ਹਨ ਕਿ ਉਹ ਕੁਝ ਖਾਸ ਥਾਂਵਾਂ ਤੋਂ ਪਰ੍ਹੇ ਰਹੇ, ਜਿਵੇਂ ਕਿ ਤੁਹਾਡਾ ਘਰ ਜਾਂ ਕੰਮ, ਅਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਡਰੱਗਾਂ ਜਾਂ ਸ਼ਰਾਬ ਦੀ ਵਰਤੋਂ ਨਹੀਂ ਕਰ ਸਕਦਾ ਜਾਂ ਬੰਦੂਕ, ਪਿਸਤੌਲ ਨਹੀਂ ਰੱਖ ਸਕਦਾ।

ਜੇ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਅਤੇ ਕਰਿਮੀਨਲ ਜੁਰਮ ਲਈ ਚਾਰਜ ਕੀਤਾ ਜਾ ਸਕਦਾ ਹੈ।

ਇਹ ਸ਼ਰਤਾਂ ਉਦੋਂ ਤੱਕ ਕਾਇਮ ਰਹਿਣਗੀਆਂ ਜਦ ਤੱਕ ਜੱਜ ਪੀਸ ਬੌਂਡ ਦੀ ਅਰਜ਼ੀ 'ਤੇ ਆਪਣਾ ਅੰਤਿਮ ਫੈਸਲਾ ਨਹੀਂ ਕਰ ਦਿੰਦਾ।

## ਇਹ ਪੱਕਾ ਕਰੋ ਕਿ ਪੁਲੀਸ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੋਵੇ

(Make sure the police can contact you)

ਇਹ ਪੱਕਾ ਕਰੋ ਕਿ ਪੁਲੀਸ ਕੋਲ ਤੁਹਾਡਾ ਮੌਜੂਦਾ ਫੋਨ ਨੰਬਰ ਅਤੇ/ਜਾਂ ਐਡਰੈਸ ਹੋਵੇ ਜਾਂ ਉਸ ਵਿਅਕਤੀ ਦਾ ਨੰਬਰ ਹੋਵੇ ਜਿਹੜਾ ਤੁਹਾਡੇ ਤੱਕ ਪਹੁੰਚ ਕਰ ਸਕਦਾ ਹੋਵੇ। ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੂੰ ਹਿਰਾਸਤ ਵਿਚੋਂ ਰਿਹਾ ਕਰਨ ਵੇਲੇ ਪੁਲੀਸ ਤੁਹਾਨੂੰ ਸੂਚਨਾ ਦੇਣ ਦੀ ਕੋਸ਼ਿਸ਼ ਕਰੇਗੀ।

ਰਿਹਾਈ ਦੀਆਂ ਸ਼ਰਤਾਂ ਦੀ ਇਕ ਕਾਪੀ ਲੈਣ ਵਿਚ ਤੁਹਾਡੀ ਮਦਦ ਕਰਨ ਲਈ ਵਿਕਟਮ ਸੇਵਾਵਾਂ ਦੇ ਵਰਕਰ ਨੂੰ ਜਾਂ ਅਦਾਲਤ ਦੇ ਸਟਾਫ ਨੂੰ ਕਹੋ ਅਤੇ ਇਹ ਕਾਪੀ ਹਰ ਵੇਲੇ ਆਪਣੇ ਕੋਲ ਰੱਖੋ।

ਜੇ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਦਾ ਹੈ ਤਾਂ ਫੌਰਨ ਪੁਲੀਸ ਨੂੰ ਫੋਨ ਕਰੋ।

## ਸੰਮਨ

(A summons)

ਕਰਾਊਨ ਕੌਂਸਲ ਸੰਮਨਾਂ ਦੀ ਮੰਗ ਕੇਵਲ ਤਾਂ ਹੀ ਕਰੇਗਾ ਜੇ ਤੁਹਾਨੂੰ ਪੀਸ ਬੌਂਡ ਦੀ ਸੁਣਵਾਈ ਲਈ ਉਡੀਕ ਕਰਨ ਦੇ ਸਮੇਂ ਦੌਰਾਨ ਆਪਣੀ ਹਿਫਾਜ਼ਤ ਲਈ ਸ਼ਰਤਾਂ ਦੀ ਲੋੜ ਨਹੀਂ ਹੈ।

ਸੰਮਨ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਤੋਂ ਇਹ ਮੰਗ ਕਰਨਗੇ ਕਿ ਉਹ ਇਕ ਖਾਸ ਤਰੀਕ ਨੂੰ ਅਦਾਲਤ ਵਿਚ ਪੇਸ਼ ਹੋਵੇ (ਤੁਹਾਡਾ ਉੱਥੇ ਹੋਣਾ ਜ਼ਰੂਰੀ ਨਹੀਂ ਹੈ)।

ਅਦਾਲਤ ਵਿਚ, ਜੱਜ ਉਸ ਨੂੰ ਪੁੱਛੇਗਾ ਕਿ ਕੀ ਉਹ ਇਸ ਗੱਲ ਨਾਲ ਸਹਿਮਤ ਹੈ ਤੁਹਾਡੇ ਡਰਨ ਦੇ ਵਾਜਬ ਕਾਰਨ ਹਨ। ਜੇ ਉਹ ਸਹਿਮਤ ਹੋ ਜਾਵੇ ਤਾਂ ਜੱਜ ਉਸ ਨੂੰ ਪੀਸ ਬੌਂਡ "ਵਿੱਚ ਹਿੱਸਾ" ਲੈਣ ਦਾ ਹੁਕਮ ਦੇਵੇਗਾ (ਜਿਸ ਦਾ ਮਤਲਬ ਹੈ ਕਿ ਉਸ ਨੂੰ ਉਹ ਜ਼ਰੂਰ ਕਰਨਾ ਪਵੇਗਾ ਜੋ ਪੀਸ ਬੌਂਡ ਕਹਿੰਦਾ ਹੈ)। ਜੇ ਉਹ ਸਹਿਮਤ ਨਾ ਹੋਵੇ ਤਾਂ ਜੱਜ ਉਸ ਨੂੰ ਹੁਕਮ ਦੇਵੇਗਾ ਕਿ ਉਹ ਪੀਸ ਬੌਂਡ ਦੀ ਅਰਜ਼ੀ 'ਤੇ ਅਦਾਲਤ ਦੀ ਸੁਣਵਾਈ ਵੇਲੇ ਹਾਜ਼ਰ ਹੋਵੇ।

## ਅਦਾਲਤ ਦੀ ਸੁਣਵਾਈ ਵੇਲੇ ਕੀ ਮੈਨੂੰ ਅਦਾਲਤ ਵਿਚ ਜਾਣਾ ਪਵੇਗਾ?

(Will I have to go to court for the court hearing?)

ਹਾਂ, ਤੁਹਾਨੂੰ ਜਾਣਾ ਪਵੇਗਾ। ਕਰਾਊਨ ਦਾ ਦਫਤਰ ਤੁਹਾਨੂੰ ਤਰੀਕ ਦੱਸੇਗਾ ਅਤੇ ਤੁਹਾਡੇ ਅਦਾਲਤ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਇਕ ਛੋਟੀ ਜਿਹੀ ਇੰਟਰਵਿਊ ਲਈ ਸਮਾਂ ਮਿੱਥੇਗਾ। ਇਸ ਇੰਟਰਵਿਊ ਵਿਚ, ਤੁਸੀਂ ਕਰਾਊਨ ਕੌਂਸਲ ਨੂੰ ਇਹ ਦੱਸ ਸਕੋਗੇ ਕਿ ਤੁਸੀਂ ਆਰਡਰ ਵਿਚ ਕਿਹੜੀਆਂ ਸ਼ਰਤਾਂ ਚਾਹੁੰਦੇ ਹੋ। ਉਦਾਹਰਣ ਵਜੋਂ, ਤੁਸੀਂ ਇਹ ਦੱਸ ਸਕਦੇ ਹੋ ਕਿ ਪੀਸ ਬੌਂਡ ਇਹ ਕਹੇ ਕਿ ਤੁਹਾਡੇ ਵਿਚਕਾਰ ਕੋਈ ਵੀ ਸੰਪਰਕ ਨਾ ਹੋਵੇ, ਜਾਂ ਉਹ ਤੁਹਾਡੇ ਨਾਲ ਅਸਿੱਧੇ ਤੌਰ 'ਤੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਰਾਹੀਂ ਸੰਪਰਕ ਕਰ ਸਕਦਾ ਹੈ।

ਅਦਾਲਤ ਦੀ ਸੁਣਵਾਈ ਵੇਲੇ, ਕਰਾਊਨ ਕੌਂਸਲ ਇਹ ਦਲੀਲ ਪੇਸ਼ ਕਰਦਾ ਹੈ ਕਿ ਪੀਸ ਬੌਂਡ ਦੀ ਕਿਉਂ ਲੋੜ ਹੈ, ਅਤੇ ਤੁਹਾਨੂੰ ਮੁੱਖ ਗਵਾਹ ਦੇ ਤੌਰ 'ਤੇ ਸੱਦੇਗਾ। ਕਰਾਊਨ ਕੌਂਸਲ ਤੁਹਾਨੂੰ ਕਹੇਗਾ ਕਿ ਤੁਸੀਂ ਜੱਜ ਨੂੰ ਦੱਸੋ ਕਿ ਤੁਸੀਂ ਇਸ ਵਿਅਕਤੀ ਤੋਂ ਕਿਉਂ ਡਰਦੇ ਹੋ ਅਤੇ ਕੀ ਵਾਪਰਿਆ ਹੈ ਜਿਸ ਕਾਰਨ ਤੁਸੀਂ ਅਜਿਹਾ ਮਹਿਸੂਸ ਕਰਦੇ ਹੋ। ਤੁਹਾਡੇ ਬਿਆਨ ਦੀ ਹਿਮਾਇਤ ਵਿਚ ਉਹ ਹੋਰ ਗਵਾਹਾਂ ਨੂੰ ਵੀ ਸੱਦ ਸਕਦਾ ਹੈ।

ਸੁਣਵਾਈ ਦੌਰਾਨ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ (ਜਾਂ ਉਸਦਾ ਵਕੀਲ) ਤੁਹਾਨੂੰ ਜਾਂ ਤੁਹਾਡੇ ਗਵਾਹਾਂ ਨੂੰ ਸਵਾਲ ਪੁੱਛ ਸਕਦਾ ਹੈ। ਉਹ ਉਨ੍ਹਾਂ ਘਟਨਾਵਾਂ ਬਾਰੇ ਆਪਣਾ ਪੱਖ ਵੀ ਦੱਸ ਸਕਦਾ ਹੈ ਅਤੇ ਆਪਣੇ ਗਵਾਹ ਵੀ ਸੱਦ ਸਕਦਾ ਹੈ।

ਜੇ ਜੱਜ ਇਹ ਫੈਸਲਾ ਕਰਦਾ ਹੈ ਕਿ ਤੁਹਾਡੇ ਡਰਨ ਦੇ ਕਾਰਨ ਹਨ ਤਾਂ ਜੱਜ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਨੂੰ ਪੀਸ ਬੌਂਡ 'ਤੇ ਦਸਤਖਤ ਕਰਨ ਦਾ ਹੁਕਮ ਦੇਵੇਗਾ। ਪੀਸ ਬੌਂਡ ਵਿਚ ਉਨ੍ਹਾਂ ਸ਼ਰਤਾਂ ਦੀ ਇਕ ਲਿਸਟ ਹੋਵੇਗੀ ਜਿਹੜੀਆਂ ਉਸ ਵਿਅਕਤੀ ਨੂੰ ਜ਼ਰੂਰ ਪੂਰੀਆਂ ਕਰਨੀਆਂ ਪੈਣਗੀਆਂ ਅਤੇ ਉਸ ਵਿਚ ਉਹ ਤਰੀਕ ਵੀ ਲਿਖੀ ਹੋਵੇਗੀ ਜਦੋਂ ਪੀਸ ਬੌਂਡ ਦੀ ਮਿਆਦ ਮੁੱਕ ਜਾਵੇਗੀ (ਵੱਧ ਤੋਂ ਵੱਧ ਇਕ ਸਾਲ ਤੱਕ)। ਉਸ ਨੂੰ ਇਕ ਰਕਮ ਵੀ ਜਮ੍ਹਾਂ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਉਹ ਸ਼ਰਤਾਂ ਦੀ ਪਾਲਣਾ ਕਰਨ ਦੇ ਆਪਣੇ ਵਾਅਦੇ 'ਤੇ ਕਾਇਮ ਰਹੇ।

### ਪੀਸ ਬੌਂਡ ਦੀ ਇਕ ਕਾਪੀ ਆਪਣੇ ਕੋਲ ਰੱਖੋ
(Keep a copy of the peace bond)

ਜਦੋਂ ਇਕ ਵਾਰੀ ਪੀਸ ਬੌਂਡ ਤਿਆਰ ਹੋ ਗਿਆ ਤਾਂ ਅਦਾਲਤ ਦੇ ਸਟਾਫ, ਕਰਾਊਨ ਕੌਂਸਲ, ਜਾਂ ਵਿਕਟਮ ਸਰਵਿਸਿਜ਼ ਦੇ ਵਰਕਰ ਕੋਲੋਂ ਇਸ ਦੀ ਇਕ ਕਾਪੀ ਮੰਗੋ ਅਤੇ ਇਸ ਨੂੰ ਧਿਆਨ ਨਾਲ ਪੜ੍ਹੋ ਤਾਂ ਜੋ ਤੁਸੀਂ ਇਸ ਦੀਆਂ ਸ਼ਰਤਾਂ ਸਮਝ ਸਕੋ।

ਭਾਵੇਂ ਕਿ ਅਦਾਲਤ ਦਾ ਸਟਾਫ ਪੀਸ ਬੌਂਡ, ਪ੍ਰੋਟੈਕਸ਼ਨ ਆਰਡਰ ਰਜਿਸਟਰੀ ਨੂੰ ਭੇਜੇਗਾ ਪਰ ਇਸ ਦੀ ਇਕ ਕਾਪੀ ਕੋਲ ਰੱਖਣਾ ਚੰਗਾ ਖਿਆਲ ਹੈ ਤਾਂ ਜੋ ਜੇ ਤੁਹਾਨੂੰ ਪੁਲੀਸ ਨੂੰ ਫੋਨ ਕਰਨ ਦੀ ਲੋੜ ਪਵੇ ਤਾਂ ਤੁਸੀਂ ਇਹ ਉਨ੍ਹਾਂ ਨੂੰ ਦਿਖਾ ਸਕੋ।

ਜੇ ਪੀਸ ਬੌਂਡ ਵਿਚ ਤੁਹਾਡੇ ਬੱਚੇ ਵੀ ਸ਼ਾਮਲ ਹਨ ਤਾਂ ਪੀਸ ਬੌਂਡ ਦੀ ਇਕ ਕਾਪੀ ਉਨ੍ਹਾਂ ਨੂੰ ਦਿਉ ਜਿਹੜੇ ਬੱਚਿਆਂ ਲਈ ਉਦੋਂ ਜ਼ਿੰਮੇਵਾਰ ਹੁੰਦੇ ਹਨ ਜਦੋਂ ਉਹ ਤੁਹਾਡੀ ਦੇਖ ਰੇਖ ਥੱਲੇ ਨਹੀਂ ਹੁੰਦੇ ਜਿਵੇਂ ਕਿ ਉਨ੍ਹਾਂ ਦੇ ਟੀਚਰ, ਬੱਚਿਆਂ ਦੀ ਸੰਭਾਲ ਕਰਨ ਵਾਲੇ, ਕੋਚ, ਜਾਂ ਹੋਰ ਇਨਸਟਰੱਕਟਰ। ਆਪਣੇ ਬੱਚਿਆਂ ਦੀ ਸੰਭਾਲ ਕਰਨ ਵਾਲਿਆਂ ਨੂੰ ਇਹ ਦੱਸੋ ਕਿ ਜੇ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਪੀਸ ਬੌਂਡ ਵਿਚਲੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਪੁਲੀਸ ਨੂੰ ਫੋਨ ਕਰਨ।

## ਜੇ ਉਹ ਪੀਸ ਬੌਂਡ 'ਤੇ ਦਸਤਖਤ ਕਰਨ ਤੋਂ ਬਾਅਦ ਮੇਰੇ ਘਰ ਆ ਜਾਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
(What should I do if he shows up at my home after he has signed the peace bond?)

ਪੁਲੀਸ ਨੂੰ ਫੋਨ ਕਰੋ। ਉਨ੍ਹਾਂ ਨੂੰ ਦੱਸੋ ਕਿ ਤੁਹਾਡੇ ਕੋਲ ਪੀਸ ਬੌਂਡ ਹੈ ਅਤੇ ਪੀਸ ਬੌਂਡ ਵਿਚਲੇ ਵਿਅਕਤੀ ਨੇ ਆਪਣੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ।

ਬਹੁਤੇ ਕੇਸਾਂ ਵਿਚ, ਖਾਸ ਕਰਕੇ ਜੇ ਤੁਸੀਂ ਖਤਰੇ ਵਿਚ ਹੋਵੋ ਤਾਂ ਪੁਲੀਸ ਉਸ ਨੂੰ ਗ੍ਰਿਫਤਾਰ ਕਰ ਲਵੇਗੀ ਅਤੇ ਕਰਾਊਨ ਕੌਂਸਲ ਨੂੰ ਕਹੇਗੀ ਕਿ ਉਹ ਉਸਦੇ ਖਿਲਾਫ ਕਰਿਮੀਨਲ ਚਾਰਜ ਲਾਵੇ। ਜੇ ਉਹ ਪੀਸ ਬੌਂਡ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਤਾਂ ਉਸਦਾ ਰਿਕਾਰਡ ਮੁਜਰਮਾਨਾ ਹੋ ਜਾਵੇਗਾ ਅਤੇ ਇਹ ਵੀ ਹੋ ਸਕਦਾ ਹੈ:

- ਉਸ ਨੂੰ ਤਿੰਨ ਸਾਲਾਂ ਤੱਕ ਪ੍ਰੋਬੇਸ਼ਨ ਤੇ ਰੱਖਿਆ ਜਾ ਸਕਦਾ ਹੈ,
- 2,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ, ਅਤੇ/ਜਾਂ
- ਛੇ ਮਹੀਨਿਆਂ ਤੱਕ ਜੇਲ੍ਹ ਭੇਜਿਆ ਜਾ ਸਕਦਾ ਹੈ।

ਸਜ਼ਾ ਦਾ ਫੈਸਲਾ ਜੱਜ, ਕੇਸ ਦੇ ਹਾਲਾਤਾਂ ਦੇ ਆਧਾਰ 'ਤੇ ਕਰੇਗਾ। ਜੇ ਹਾਲਾਤ ਬਹੁਤ ਗੰਭੀਰ ਨਾ ਹੋਣ ਜਾਂ ਜੇ ਉਸ ਨੇ ਪਹਿਲਾਂ ਵੀ ਅਦਾਲਤ ਦੇ ਆਰਡਰਾਂ ਦੀ ਉਲੰਘਣਾ ਨਾ ਕੀਤੀ ਹੋਵੇ ਤਾਂ ਆਮ ਤੌਰ 'ਤੇ ਜੱਜ ਵੱਧ ਤੋਂ ਵੱਧ ਜੁਰਮਾਨੇ ਜਾਂ ਸਜ਼ਾ ਦੀ ਚੋਣ ਨਹੀਂ ਕਰੇਗਾ।

## ਪੀਸ ਬੌਂਡ ਦੇ ਲਾਗੂ ਹੋ ਜਾਣ ਤੋਂ ਬਾਅਦ ਜੇ ਮੈਂ ਉਸ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

(What if I want to see him or talk to him after the peace bond is in place?)

ਇਕ ਵਾਰ ਜਦੋਂ ਪੀਸ ਬੌਂਡ 'ਤੇ ਦਸਤਖਤ ਹੋ ਜਾਣ ਤਾਂ ਇਸ ਵਿਚਲੇ ਵਿਅਕਤੀ ਨੂੰ ਇਸ ਦੀਆਂ ਸ਼ਰਤਾਂ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ — ਬੌਂਡ ਦੀ ਪਾਲਣਾ ਨਾ ਕਰਨਾ ਉਸ ਲਈ ਇਕ ਮੁਜਰਮਾਨਾ ਜੁਰਮ ਹੈ। ਭਾਵੇਂ ਤੁਸੀਂ ਹੀ ਇਹ ਚਾਹੁੰਦੇ ਹੋਵੋ ਕਿ ਉਹ ਤੁਹਾਨੂੰ ਮਿਲੇ ਪਰ ਉਹ ਉਤਨਾ ਚਿਰ ਨਹੀਂ ਮਿਲ ਸਕਦਾ ਜਦ ਤੱਕ ਜੱਜ ਪੀਸ ਬੌਂਡ ਨੂੰ ਬਦਲ ਨਹੀਂ ਦਿੰਦਾ। ਜੇ ਤੁਸੀਂ ਉਸ ਨਾਲ ਸੰਪਰਕ ਕਰਦੇ ਹੋ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

## ਜੇ ਮੈਂ ਪੀਸ ਬੌਂਡ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

(What if I want the peace bond changed or cancelled?)

ਇਹ ਗੱਲ ਯਾਦ ਰੱਖੋ ਕਿ ਪੀਸ ਬੌਂਡ ਤੁਹਾਡੀ ਹਿਫਾਜ਼ਤ ਲਈ ਤਿਆਰ ਕੀਤਾ ਗਿਆ ਸੀ। ਇਸ ਵਿਚ ਕੋਈ ਵੀ ਤਬਦੀਲੀ ਕਰਵਾਉਣ ਤੋਂ ਪਹਿਲਾਂ, ਤੁਸੀਂ ਕਿਸੇ ਵਿਕਟਮ ਸਰਵਿਸਿਜ਼ ਦੇ ਵਰਕਰ ਨਾਲ ਗੱਲ ਕਰਕੇ ਇਹ ਪੁੱਛ ਸਕਦੇ ਹੋ ਕਿ ਇਸ ਦਾ ਤੁਹਾਡੀ ਨਿੱਜੀ ਸੁਰੱਖਿਆ 'ਤੇ ਕੀ ਅਸਰ ਪੈ ਸਕਦਾ ਹੈ।

ਜੇ ਤੁਸੀਂ ਅਜੇ ਵੀ ਪੀਸ ਬੌਂਡ ਬਦਲਣਾ ਜਾਂ ਕੈਂਸਲ ਕਰਨਾ ਚਾਹੁੰਦੇ ਹੋਵੋ ਤਾਂ ਸਲਾਹ ਲਈ ਕਿਰਪਾ ਕਰਕੇ ਕਰਾਊਨ ਕੌਂਸਲ ਨਾਲ ਸੰਪਰਕ ਕਰੋ।

## ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?

(What if I move to another province?)

ਪੀਸ ਬੌਂਡ ਕੈਨੇਡਾ ਵਿਚ ਕਿਤੇ ਵੀ ਲਾਗੂ ਕਰਵਾਉਣ ਯੋਗ ਹੈ। ਆਪਣੇ ਨਵੇਂ ਸੂਬੇ ਦੀ ਪੁਲੀਸ ਕੋਲ ਜਾਉ, ਉਨ੍ਹਾਂ ਨੂੰ ਪੀਸ ਬੌਂਡ ਦੀ ਕਾਪੀ ਦਿਖਾਉ ਅਤੇ ਆਪਣੀ ਹਾਲਤ ਬਾਰੇ ਦੱਸੋ।

ਪੀਸ ਬੌਂਡ ਦੀਆਂ ਸ਼ਰਤਾਂ ਦੀ ਤਸਦੀਕ ਕਰਨ ਅਤੇ ਇਸ ਨੂੰ ਲਾਗੂ ਕਰਨ ਲਈ ਕਿਸੇ ਵੀ ਸੂਬੇ ਜਾਂ ਟੈਰੇਟਰੀ ਦੀ ਪੁਲੀਸ, ਕੈਨੇਡਾ ਭਰ ਦੇ ਇਕ ਕੰਪਿਊਟਰ ਸਿਸਟਮ ਰਾਹੀਂ ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਟੈਕਸ਼ਨ ਆਰਡਰ ਰਜਿਸਟਰੀ ਨਾਲ ਸੰਪਰਕ ਕਰ ਸਕਦੀ ਹੈ।

## ਜੇ ਉਹ ਪੀਸ ਬੌਂਡ ਵਿਚ ਹਰ ਦਰਜ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?

(What happens if he follows everything the peace bond says?)

ਜੇ ਉਹ ਪੀਸ ਬੌਂਡ ਵਿਚ ਦਰਜ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਪੀਸ ਬੌਂਡ ਦੀ ਮਿਆਦ ਮੁੱਕ ਜਾਵੇਗੀ ਅਤੇ ਅਗਾਂਹ ਕੁਝ ਨਹੀਂ ਹੋਵੇਗਾ। ਉਸ ਦਾ ਰਿਕਾਰਡ ਮੁਜਰਮਾਨਾ ਨਹੀਂ ਹੋਵੇਗਾ, ਉਸ ਨੂੰ ਜੁਰਮਾਨਾ ਨਹੀਂ ਦੇਣਾ ਪਵੇਗਾ ਅਤੇ ਜੇਲ੍ਹ ਨਹੀਂ ਜਾਣਾ ਪਵੇਗਾ।

## ਜੇ ਪੀਸ ਬੌਂਡ ਦੀ ਮਿਆਦ ਮੁੱਕ ਜਾਵੇ ਅਤੇ ਮੈਨੂੰ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਹੋਵੇ ਤਾਂ ਮੈਂ ਕੀ ਕਰ ਸਕਦੀ ਹਾਂ?

(What can I do if the peace bond expires, and I'm still afraid for my safety?)

ਪੀਸ ਬੌਂਡ ਇਕ ਸਾਲ ਤੱਕ ਰਹਿੰਦਾ ਹੈ ਅਤੇ ਫਿਰ ਇਸ ਦੀ ਮਿਆਦ ਮੁੱਕ ਜਾਂਦੀ ਹੈ। ਜੇ ਤੁਸੀਂ ਅਜੇ ਵੀ ਆਪਣੀ ਸੁਰੱਖਿਆ ਲਈ ਡਰਦੇ ਹੋਵੋ ਅਤੇ ਪੀਸ ਬੌਂਡ ਨੂੰ ਨਵਿਆਉਣਾ ਚਾਹੁੰਦੇ ਹੋਵੋ ਤਾਂ ਪੁਲੀਸ ਨਾਲ ਗੱਲ ਕਰੋ। ਪੀਸ ਬੌਂਡ ਨੂੰ ਨਵਿਆਉਣ ਲਈ ਤੁਹਾਨੂੰ ਜੱਜ ਨੂੰ ਇਹ ਤਸੱਲੀ ਕਰਵਾਉਣ ਦੀ ਲੋੜ ਪਵੇਗੀ ਕਿ ਤੁਹਾਨੂੰ ਅਜੇ ਵੀ ਆਪਣੀ ਸੁਰੱਖਿਆ ਬਾਰੇ ਡਰ ਲੱਗਦਾ ਹੈ ਜਾਂ ਤੁਹਾਡੇ ਕੋਲ ਦਿਖਾਉਣ ਲਈ ਸਬੂਤ ਹਨ ਕਿ ਪਹਿਲੀ ਵਾਰੀ ਪੀਸ ਬੌਂਡ ਬਣਨ ਤੋਂ ਬਾਅਦ ਕੁਝ ਵਾਪਰਿਆ ਹੈ।

ਜੇ ਤੁਸੀਂ ਅਜੇ ਵੀ ਆਪਣੀ ਸੁਰੱਖਿਆ ਨੂੰ ਖਤਰਾ ਮਹਿਸੂਸ ਕਰਦੇ ਹੋ ਤਾਂ ਰੀਸਟਰੇਨਿੰਗ ਆਰਡਰ ਲੈਣ ਬਾਰੇ ਕਿਸੇ ਵਕੀਲ ਜਾਂ ਲੀਗਲ ਏਡ ਨਾਲ ਗੱਲ ਕਰੋ। ਤੁਸੀਂ ਪੀਸ ਬੌਂਡ ਦੀ ਮਿਆਦ ਰਹਿਣ ਦੌਰਾਨ ਵੀ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰ ਸਕਦੇ ਹੋ।

# ਰੀਸਟਰੇਨਿੰਗ ਆਰਡਰ

(Restraining Orders)

## ਮੈਂ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਿਵੇਂ ਕਰ ਸਕਦੀ ਹਾਂ?

(How do I apply for a restraining order?)

ਬਹੁਤੇ ਲੋਕ ਰੀਸਟਰੇਨਿੰਗ ਆਰਡਰ ਲਈ ਉਸ ਵੇਲੇ ਹੀ ਅਪਲਾਈ ਕਰ ਦਿੰਦੇ ਹਨ ਜਦ ਉਹ ਜੱਜ ਨੂੰ ਪਰਿਵਾਰਕ ਕਾਨੂੰਨ ਨਾਲ ਸੰਬੰਧਿਤ ਹੋਰ ਮਸਲਿਆਂ ਬਾਰੇ ਆਰਡਰ ਕਰਨ ਲਈ ਕਹਿੰਦੇ ਹਨ, ਜਿਵੇਂ ਕਸਟੱਡੀ ਜਾਂ ਸਪੋਰਟ। ਸੂਬਾਈ ਅਦਾਲਤ ਅਤੇ ਸੁਪਰੀਮ ਕੋਰਟ ਦੋਨੋਂ ਪਰਿਵਾਰਕ ਕਾਨੂੰਨ ਨਾਲ ਸੰਬੰਧਿਤ ਮਸਲਿਆਂ ਬਾਰੇ ਫੈਸਲੇ ਦੇ ਸਕਦੇ ਹਨ। ਤੁਸੀਂ ਕਿਹੜੀ ਕੋਰਟ ਵਿਚ ਅਪਲਾਈ ਕਰਨਾ ਹੈ, ਇਹ ਇਨ੍ਹਾਂ ਚੀਜ਼ਾਂ 'ਤੇ ਨਿਰਭਰ ਕਰਦਾ ਹੈ ਕਿ:

- ਕੀ ਤੁਹਾਡੇ ਬੱਚੇ ਹਨ; ਅਤੇ
- ਕੀ ਤੁਹਾਡੇ ਕੋਲ ਬੱਚੇ ਦੀ ਕਸਟੱਡੀ (ਸੰਭਾਲ), ਗਾਰਡੀਅਨਸ਼ਿਪ (ਸਰਪਰਸਤੀ) ਜਾਂ ਐਕਸੈਸ (ਪਹੁੰਚ) ਜਾਂ ਸਪੋਰਟ ਦਾ ਆਰਡਰ ਹੈ ਜਾਂ ਤੁਸੀਂ ਇਸ ਲਈ ਸੈਪਾਰੇਸ਼ਨ ਜਾਂ ਤਲਾਕ ਦੇ ਇਕ ਹਿੱਸੇ ਵਜੋਂ ਅਪਲਾਈ ਕਰਨ ਦੀ ਵਿਉਂਤ ਬਣਾ ਰਹੇ ਹੋ (ਇਸ ਕੇਸ ਵਿਚ, ਰੀਸਟਰੇਨਿੰਗ ਆਰਡਰ ਲਈ ਤੁਹਾਡੀ ਅਰਜ਼ੀ ਦਾ ਫੈਸਲਾ ਵੀ ਉਸੇ ਵੇਲੇ ਕੀਤਾ ਜਾਵੇਗਾ)।

ਤੁਹਾਨੂੰ **ਸੂਬਾਈ ਅਦਾਲਤ** ਵਿਚ ਅਪਲਾਈ ਕਰਨਾ ਚਾਹੀਦਾ ਹੈ ਜੇ:

- ਤੁਹਾਡੇ ਬੱਚੇ ਹਨ, ਅਤੇ ਤੁਸੀਂ ਆਪਣੇ ਲਈ ਹਿਫਾਜ਼ਤ ਚਾਹੁੰਦੇ ਹੋ, ਜਾਂ
- ਤੁਹਾਡੇ ਬੱਚੇ ਹਨ ਅਤੇ ਤੁਸੀਂ ਆਪਣੇ ਲਈ ਅਤੇ ਉਨ੍ਹਾਂ ਲਈ ਹਿਫਾਜ਼ਤ ਚਾਹੁੰਦੇ ਹੋ, ਅਤੇ
- ਤੁਸੀਂ ਸੂਬਾਈ ਅਦਾਲਤ ਕੋਲ ਬੱਚੇ ਦੀ ਕਸਟੱਡੀ, ਗਾਰਡੀਅਨਸ਼ਿਪ, ਐਕਸੈਸ ਜਾਂ ਸਪੋਰਟ ਆਰਡਰ ਲਈ ਅਪਲਾਈ ਕੀਤਾ ਹੈ ਜਾਂ ਅਪਲਾਈ ਕਰਨਾ ਦਾ ਇਰਾਦਾ ਰੱਖਦੇ ਹੋ।

ਤੁਹਾਨੂੰ **ਸੁਪਰੀਮ ਕੋਰਟ** ਵਿਚ ਅਪਲਾਈ ਕਰਨਾ ਚਾਹੀਦਾ ਹੈ ਜੇ:

- ਤੁਹਾਡੇ ਬੱਚੇ ਨਹੀਂ ਹਨ ਅਤੇ ਤੁਸੀਂ ਆਪਣੇ ਲਈ ਹਿਫਾਜ਼ਤ ਚਾਹੁੰਦੇ ਹੋ, ਜਾਂ
- ਤੁਸੀਂ ਤਲਾਕ ਲਈ ਅਤੇ/ਜਾਂ ਜਾਇਦਾਦ ਦੀ ਵੰਡ ਜਾਂ ਬੱਚੇ ਦੀ ਕਸਟੱਡੀ, ਗਾਰਡੀਅਨਸ਼ਿਪ, ਅਕਸੈਸ ਜਾਂ ਸਪੋਰਟ ਆਰਡਰ ਲਈ ਸੁਪਰੀਮ ਕੋਰਟ ਵਿਚ ਅਪਲਾਈ ਕਰਨ ਦਾ ਇਰਾਦਾ ਰੱਖਦੇ ਹੋ ਜਾਂ ਤੁਹਾਡੇ ਤਲਾਕ ਦੇ ਹਿੱਸੇ ਵਜੋਂ ਤੁਹਾਡੇ ਕੋਲ ਸੁਪਰੀਮ ਕੋਰਟ ਕੋਲੋਂ ਮਿਲਿਆ ਹੋਇਆ ਬੱਚੇ ਦੀ ਕਸਟੱਡੀ, ਗਾਰਡੀਅਨਸ਼ਿਪ, ਐਕਸੈਸ ਜਾਂ ਸਪੋਰਟ ਦਾ ਆਰਡਰ ਹੈ।

ਅਪਲਾਈ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਇਹ ਗੱਲ ਕਰਨਾ ਇਕ ਚੰਗਾ ਖਿਆਲ ਹੈ ਕਿ ਤੁਹਾਨੂੰ ਕਿਸ ਅਦਾਲਤ ਦੀ ਚੋਣ ਕਰਨੀ ਚਾਹੀਦੀ ਹੈ। ਜੇ ਤੁਹਾਡੇ ਬੱਚੇ ਨਹੀਂ ਹਨ, ਤਾਂ ਤੁਸੀਂ ਸੂਬਾਈ ਅਦਾਲਤ ਵਿਚ ਅਪਲਾਈ ਕਰ ਸਕਦੇ ਹੋ ਜੇ ਤੁਹਾਨੂੰ ਫੈਮਿਲੀ ਰੀਲੇਸ਼ਨਜ਼ ਐਕਟ ਅਧੀਨ ਸਪਾਊਸ (ਪਤਨੀ) ਸਮਝਿਆ ਜਾ ਰਿਹਾ ਹੈ। ਤੁਹਾਨੂੰ ਸਪਾਊਸ ਸਮਝਿਆ ਜਾਂਦਾ ਹੈ ਜੇ ਤੁਸੀਂ ਵਿਆਹੇ ਹੋਏ ਹੋ ਜਾਂ ਕੌਮਨ-ਲਾਅ ਰਹਿ ਰਹੇ ਹੋ। ਤੁਸੀਂ ਸਪਾਊਸ ਵਜੋਂ ਤਾਂ ਵੀ ਅਪਲਾਈ ਕਰ ਸਕਦੇ ਹੋ ਜੇ ਤੁਸੀਂ ਹੁਣੇ ਹੁਣੇ ਕੌਮਨ-ਲਾਅ ਸਬੰਧਾਂ ਨੂੰ ਛੱਡਿਆ ਹੈ, ਪਰ ਅੱਡ ਹੋਇਆਂ ਨੂੰ ਇਕ ਸਾਲ ਤੋਂ ਘੱਟ ਸਮਾਂ ਹੋਇਆ ਹੈ। ਇਹ ਪੱਕਾ ਕਰਨ ਲਈ ਕਿ ਤੁਸੀਂ ਰੀਸਟਰੇਨਿੰਗ ਆਰਡਰ ਦੇ ਹੱਕਦਾਰ ਹੋਵੋਗੇ, ਜੇ ਤੁਹਾਡੇ ਬੱਚੇ ਨਹੀਂ ਹਨ ਤਾਂ ਸੁਪਰੀਮ ਕੋਰਟ ਵਿਚ ਅਪਲਾਈ ਕਰਨਾ ਬਿਹਤਰ ਹੈ।

## ਕੀ ਮੈਨੂੰ ਵਕੀਲ ਦੀ ਲੋੜ ਪਵੇਗੀ?
(Will I need a lawyer?)

ਰੀਸਟਰੇਨਿੰਗ ਆਰਡਰ ਲੈਣ ਲਈ ਤੁਸੀਂ ਸੂਬਾਈ ਜਾਂ ਸੁਪਰੀਮ ਕੋਰਟ ਵਿਚੋਂ ਕਿਸੇ ਵਿਚ ਵੀ ਵਕੀਲ ਦੀ ਮਦਦ ਬਿਨਾਂ ਅਪਲਾਈ ਕਰ ਸਕਦੇ ਹੋ ਪਰ ਜੇ ਤੁਸੀਂ ਵਕੀਲ ਕਰ ਸਕਦੇ ਹੋਵੋ ਤਾਂ ਕਰ ਲਵੋ। ਜਿਹੜੇ ਫਾਰਮ ਤੁਹਾਨੂੰ ਭਰਨੇ ਪੈਣੇ ਹਨ ਅਤੇ ਅਦਾਲਤ ਦੀ ਕਾਰਵਾਈ — ਖਾਸ ਕਰਕੇ ਸੁਪਰੀਮ ਕੋਰਟ ਦੀ — ਗੁੰਝਲਦਾਰ ਅਤੇ ਔਖੇ ਹੋ ਸਕਦੇ ਹਨ। ਵਕੀਲ ਤੁਹਾਡਾ ਕੇਸ ਤੁਹਾਡੇ ਨਾਲੋਂ ਜ਼ਿਆਦਾ ਅਸਰਦਾਰ ਤਰੀਕੇ ਨਾਲ ਪੇਸ਼ ਕਰ ਸਕਦਾ ਹੈ।

ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰਨ ਵਾਲੇ ਫਾਰਮ ਤੁਹਾਡੇ ਇਲਾਕੇ ਦੀ ਸੂਬਾਈ ਜਾਂ ਸੁਪਰੀਮ ਕੋਰਟ ਤੋਂ ਮਿਲਦੇ ਹਨ। (ਆਪਣੇ ਨੇੜੇ ਦੀ ਸਥਾਨਕ ਕੋਰਟ ਦਾ ਪਤਾ ਲਾਉਣ ਲਈ ਆਪਣੀ ਫੋਨ ਬੁੱਕ ਦੇ ਨੀਲੇ ਪੰਨਿਆਂ 'ਤੇ "Government – Provincial — Court Services ਥੱਲੇ ਦੇਖੋ।)

ਜੇ ਤੁਹਾਡੇ ਕੋਲ ਵਕੀਲ ਹੈ ਤਾਂ ਉਹ ਤੁਹਾਡੀ ਐਪਲੀਕੇਸ਼ਨ ਕਰੇਗਾ ਅਤੇ ਅਦਾਲਤ ਦੀ ਸੁਣਵਾਈ ਦਾ ਸਮਾਂ ਮਿੱਥਣ ਲਈ ਕੋਰਟ ਰਜਿਸਟਰੀ ਦੇ ਸਟਾਫ ਨਾਲ ਰਲ ਕੇ ਕੰਮ ਕਰੇਗਾ। ਜੇ ਤੁਹਾਡੇ ਕੋਲ ਵਕੀਲ ਨਹੀਂ ਹੈ ਤਾਂ ਅਦਾਲਤ ਦੇ ਸਟਾਫ ਕੋਲੋਂ ਐਪਲੀਕੇਸ਼ਨ ਦੀ ਕਾਰਵਾਈ ਬਾਰੇ ਅਤੇ ਅਦਾਲਤ ਦੀ ਸੁਣਵਾਈ ਬਾਰੇ ਜਾਣਕਾਰੀ ਲਵੋ।

ਅਦਾਲਤ ਦਾ ਸਟਾਫ ਤੁਹਾਨੂੰ ਇਹ ਦੱਸੇਗਾ ਕਿ ਤੁਹਾਨੂੰ ਅਦਾਲਤ ਵਿਚ ਪੇਸ਼ ਹੋਣ ਦੀ ਕਦੋਂ ਲੋੜ ਪਵੇਗੀ।

## ਇਸ ਦਾ ਕਿੰਨਾ ਖਰਚ ਆਵੇਗਾ?
(How much will it cost?)

ਜੇ ਤੁਸੀਂ ਸੂਬਾਈ ਅਦਾਲਤ ਜਾਂ ਸੁਪਰੀਮ ਕੋਰਟ ਵਿਚ ਵਕੀਲ ਦੀ ਮਦਦ ਨਾਲ ਜਾਣ ਦੀ ਚੋਣ ਕਰਦੇ ਹੋ ਅਤੇ ਤੁਸੀਂ ਲੀਗਲ ਏਡ ਲੈਣ ਦੇ ਹੱਕਦਾਰ ਨਹੀਂ ਹੋ ਤਾਂ ਤੁਹਾਨੂੰ ਵਕੀਲ ਦੀਆਂ ਫੀਸਾਂ ਦੇਣੀਆਂ ਪੈਣਗੀਆਂ।

ਸੂਬਾਈ ਕੋਰਟ ਵਿਚ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰਨ ਦੀ ਹੋਰ ਕੋਈ ਫੀਸ ਨਹੀਂ ਹੈ। ਜੇ ਤੁਸੀਂ ਲੀਗਲ ਏਡ ਦੇ ਹੱਕਦਾਰ ਨਹੀਂ ਹੋ ਤਾਂ ਸੁਪਰੀਮ ਕੋਰਟ ਵਿਚ, ਤੁਹਾਨੂੰ ਤਕਰੀਬਨ 200 ਡਾਲਰ ਦੀ ਫਾਇਲਿੰਗ ਫੀਸ ਦੇਣ ਦੀ ਲੋੜ ਪਵੇਗੀ।

### ਵਕੀਲ ਕਰਨਾ
(Getting a lawyer)

ਜੇ ਤੁਹਾਨੂੰ ਵਕੀਲ ਦੀ ਲੋੜ ਹੈ ਪਰ ਤੁਸੀਂ ਵਕੀਲ ਕਰ ਨਹੀਂ ਸਕਦੇ ਤਾਂ ਲੀਗਲ ਏਡ (ਕਾਨੂੰਨੀ ਸਹਾਇਤਾ) ਲੈਣ ਦੀ ਕੋਸ਼ਿਸ਼ ਕਰੋ। ਆਪਣੇ ਨੇੜੇ ਦੇ ਲੀਗਲ ਏਡ ਦੇ ਦਫਤਰ ਦਾ ਫੋਨ ਨੰਬਰ ਲੈਣ ਲਈ ਆਪਣੀ ਫੋਨ ਬੁੱਕ ਦੇ ਚਿੱਟੇ ਪੰਨਿਆਂ ਵਿਚ legal aid ਥੱਲੇ ਦੇਖੋ।

ਲੀਗਲ ਏਡ ਉਨ੍ਹਾਂ ਲੋਕਾਂ ਨੂੰ ਮੁਫਤ ਕਾਨੂੰਨੀ ਜਾਣਕਾਰੀ, ਸਲਾਹ ਦਿੰਦੀ ਹੈ ਅਤੇ ਪ੍ਰਤੀਨਿਧਤਾ ਕਰਦੀ ਹੈ ਜਿਨ੍ਹਾਂ ਦੀ ਆਮਦਨ ਇਕ ਖਾਸ ਪੱਧਰ ਤੋਂ ਘੱਟ ਹੈ।

ਜੇ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ ਤੋਂ ਸਰੀਰਕ ਖਤਰਾ ਹੈ ਅਤੇ ਤੁਸੀਂ ਆਮਦਨ ਦੀ ਕਸੌਟੀ ਪੂਰੀ ਕਰਦੇ ਹੋ ਤਾਂ ਤੁਹਾਨੂੰ ਲੀਗਲ ਏਡ ਦਾ ਵਕੀਲ ਦਿੱਤਾ ਜਾਵੇਗਾ। ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ, ਅਤੇ ਤੁਸੀਂ ਅੰਗਰੇਜ਼ੀ ਬੋਲਦੇ ਕਿਸੇ ਵਿਅਕਤੀ ਨੂੰ ਨਾਲ ਨਹੀਂ ਲਿਆ ਸਕਦੇ ਤਾਂ ਲੀਗਲ ਏਡ ਵਾਲੇ ਦੋਭਾਸ਼ੀਆ ਪ੍ਰਦਾਨ ਕਰ ਸਕਦੇ ਹਨ ਅਤੇ ਉਸ ਦਾ ਖਰਚਾ ਦੇ ਸਕਦੇ ਹਨ।

ਜੇ ਤੁਹਾਨੂੰ ਲੀਗਲ ਏਡ ਤੋਂ ਨਾਂਹ ਹੋ ਗਈ ਹੈ ਪਰ ਤੁਸੀਂ ਮਾਇਕ ਕਸੌਟੀ ’ਤੇ ਪੂਰੇ ਉਤਰਦੇ ਹੋ ਤਾਂ ਤੁਸੀਂ ਮੁੜ ਵਿਚਾਰ ਕਰਨ ਜਾਂ “ਵਿਸ਼ੇਸ਼ ਤੌਰ ’ਤੇ ਵਿਚਾਰ” ਕਰਨ ਲਈ ਕਹਿ ਸਕਦੇ ਹੋ। ਜੇ ਤੁਸੀਂ ਇਹ ਦਿਖਾ ਸਕੋ ਕਿ ਤੁਹਾਨੂੰ ਨੁਕਸਾਨ ਪਹੁੰਚਣ ਜਾਂ ਤੁਹਾਡੇ ਬੱਚਿਆਂ ਨਾਲ ਸੰਪਰਕ ਟੁੱਟਣ ਦਾ ਖਤਰਾ ਹੈ, ਜਾਂ ਕਿਸੇ ਗੰਭੀਰ ਹਾਲਤ ਜਾਂ ਅਯੋਗਤਾ ਕਾਰਨ ਤੁਸੀਂ ਅਦਾਲਤ ਵਿਚ ਆਪਣੀ ਨੁਮਾਇੰਦਗੀ ਆਪ ਕਰਨ ਦੇ ਅਯੋਗ ਹੋ ਤਾਂ ਵੀ ਹੋ ਸਕਦਾ ਹੈ ਕਿ ਲੀਗਲ ਏਡ ਤੁਹਾਨੂੰ ਵਕੀਲ ਪ੍ਰਦਾਨ ਕਰ ਦੇਵੇ।

## ਫੈਮਿਲੀ ਡਿਊਟੀ ਕੌਂਸਲ

(Family duty counsel)

ਫੈਮਿਲੀ ਡਿਊਟੀ ਕੌਂਸਲ ਅਜਿਹੇ ਵਕੀਲ ਹਨ, ਜਿਹੜੇ ਕਿ ਤੁਹਾਡੀ ਪਰਿਵਾਰਾਂ ਨਾਲ ਸੰਬੰਧਿਤ ਕੁਝ ਕਾਨੂੰਨੀ ਮਸਲਿਆਂ ਵਿਚ ਮੁਫਤ ਸਹਾਇਤਾ ਕਰ ਸਕਦੇ ਹਨ ਜੇ ਤੁਸੀਂ ਮਾਇਕ ਤੌਰ ’ਤੇ ਸਹਾਇਤਾ ਲੈਣ ਦੇ ਯੋਗ ਹੋਵੋ। ਜੇ ਤੁਹਾਡਾ ਕੋਲ ਆਪਣਾ ਵਕੀਲ ਨਾ ਹੋਵੇ ਤਾਂ ਡਿਊਟੀ ਕੌਂਸਲ ਤੁਹਾਨੂੰ ਸਲਾਹ ਦੇ ਸਕਦੇ ਹਨ ਅਤੇ ਸਧਾਰਣ ਮਾਮਲਿਆਂ ’ਤੇ ਤੁਹਾਡੀ ਤਰਫੋਂ ਅਦਾਲਤ ਵਿਚ ਬੋਲ ਸਕਦੇ ਹਨ। ਭਾਵੇਂ ਤੁਸੀਂ ਲੀਗਲ ਏਡ ਲੈਣ ਦੇ ਯੋਗ ਨਹੀਂ ਹੋ ਤਾਂ ਵੀ ਤੁਸੀਂ ਡਿਊਟੀ ਕੌਂਸਲ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਮਾਇਕ ਤੌਰ ’ਤੇ ਹੱਕਦਾਰ ਨਹੀਂ ਹੋ ਤਾਂ ਵੀ ਡਿਊਟੀ ਕੌਂਸਲ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ।

## ਲੌਈਅਰ ਰੈੱਫਰੇਲ ਸਰਵਿਸ

(Lawyer Referral Service)

ਜੇ ਤੁਹਾਨੂੰ ਵਕੀਲ ਦੀ ਲੋੜ ਹੈ ਪਰ ਤੁਸੀਂ ਲੀਗਲ ਏਡ ਦੇ ਹੱਕਦਾਰ ਨਹੀਂ ਹੋ ਤਾਂ ਲੋਅਰ ਮੇਨਲੈਂਡ ਵਿਚ 604-687-3221 ’ਤੇ ਜਾਂ ਲੋਅਰ ਮੇਨਲੈਂਡ ਦੇ ਬਾਹਰੋਂ (ਮੁਫਤ) 1-800-663-1919 ’ਤੇ ਲੌਈਅਰ ਰੈੱਫਰੇਲ ਸਰਵਿਸ ਨੂੰ ਫੋਨ ਕਰੋ। ਉਹ ਤੁਹਾਡੇ ਇਲਾਕੇ ਵਿਚ ਵਕੀਲ ਲੱਭਣ ਵਿਚ ਤੁਹਾਡੀ ਮਦਦ ਕਰਨਗੇ।

# ਅਦਾਲਤ ਦੀ ਸੁਣਵਾਈ ਵੇਲੇ ਕੀ ਹੁੰਦਾ ਹੈ?
(What happens at the court hearing?)

ਸੁਣਵਾਈ ਵੇਲੇ ਕੀ ਹੋਵੇਗਾ, ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਸੂਬਾਈ ਅਦਾਲਤ ਵਿਚ ਜਾਂਦੇ ਹੋ ਜਾਂ ਸੁਪਰੀਮ ਕੋਰਟ ਵਿਚ ਜਾਂਦੇ ਹੋ, ਅਤੇ ਕੀ ਤੁਹਾਡੇ ਕੋਲ ਵਕੀਲ ਹੈ ਜਾਂ ਨਹੀਂ।

## ਸੂਬਾਈ ਅਦਾਲਤ ਵਿਚ
(In Provincial Court)

- ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਡੀ ਤਰਫੋਂ ਕੇਸ ਪੇਸ਼ ਕਰੇਗਾ, ਜਿਸ ਵਿਚ ਉਹ ਸ਼ਰਤਾਂ ਵੀ ਸ਼ਾਮਲ ਹੋਣਗੀਆਂ ਜਿਹੜੀਆਂ ਤੁਸੀਂ ਰੀਸਟਰੇਨਿੰਗ ਆਰਡਰ ਵਿਚ ਚਾਹੁੰਦੇ ਹੋ, ਪਰ ਤੁਹਾਡੇ ਤੋਂ ਸਬੂਤਾਂ ਦੀ ਆਸ ਰੱਖੀ ਜਾਵੇਗੀ। ਤੁਹਾਡਾ ਵਕੀਲ ਤੁਹਾਨੂੰ ਕਹੇਗਾ ਕਿ ਤੁਸੀਂ ਸਹੁੰ ਖਾ ਕੇ ਜੱਜ ਨੂੰ ਦੱਸੋ ਕਿ ਤੁਹਾਨੂੰ ਰੀਸਟਰੇਨਿੰਗ ਆਰਡਰ ਦੀ ਲੋੜ ਕਿਉਂ ਹੈ।
- ਜੇ ਤੁਹਾਡੇ ਕੋਲ ਵਕੀਲ ਨਹੀਂ ਹੈ ਤਾਂ ਜੱਜ ਤੁਹਾਨੂੰ ਸਿੱਧਾ ਹੀ ਇਹ ਕਹੇਗਾ ਕਿ ਆਪਣੀ ਹਾਲਤ ਬਿਆਨ ਕਰੋ ਅਤੇ ਉਨ੍ਹਾਂ ਸ਼ਰਤਾਂ ਬਾਰੇ ਦੱਸੋ ਜਿਹੜੀਆਂ ਤੁਸੀਂ ਰੀਸਟਰੇਨਿੰਗ ਆਰਡਰ ਵਿਚ ਸ਼ਾਮਲ ਕਰਨੀਆਂ ਚਾਹੁੰਦੇ ਹੋ।

ਤੁਹਾਡੀ ਗਵਾਹੀ ਦੀ ਹਿਮਾਇਤ ਵਿਚ ਤੁਸੀਂ ਜਾਂ ਤੁਹਾਡਾ ਵਕੀਲ ਗਵਾਹ ਵੀ ਸੱਦ ਸਕਦੇ ਹੋ। ਸੁਣਵਾਈ ਦੌਰਾਨ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ (ਜਾਂ ਉਸਦਾ ਵਕੀਲ, ਜੇ ਉਸ ਨੇ ਕੀਤਾ ਹੈ) ਤੁਹਾਨੂੰ ਜਾਂ ਤੁਹਾਡੇ ਗਵਾਹਾਂ ਨੂੰ ਸਵਾਲ ਪੁੱਛ ਸਕਦਾ ਹੈ। ਉਹ ਇਨ੍ਹਾਂ ਘਟਨਾਵਾਂ ਬਾਰੇ ਆਪਣਾ ਪੱਖ ਵੀ ਦੱਸ ਸਕਦਾ ਹੈ ਅਤੇ ਆਪਣੇ ਗਵਾਹ ਵੀ ਸੱਦ ਸਕਦਾ ਹੈ।

## ਸੁਪਰੀਮ ਕੋਰਟ ਵਿਚ
(In Supreme Court)

- ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਡੇ ਹਲਫੀਆ ਬਿਆਨਾਂ (ਲਿਖਤੀ ਸਬੂਤਾਂ) ਅਤੇ ਹੋਰ ਗਵਾਹਾਂ ਦੇ ਬਿਆਨਾਂ ਨਾਲ ਤੁਹਾਡੀ ਤਰਫੋਂ ਤੁਹਾਡਾ ਕੇਸ ਪੇਸ਼ ਕਰੇਗਾ। ਆਮ ਤੌਰ ਤੇ ਤੁਹਾਨੂੰ ਗਵਾਹੀ ਦੇਣ ਲਈ ਨਹੀਂ ਕਿਹਾ ਜਾਵੇਗਾ।

- ਜੇ ਤੁਹਾਡੇ ਕੋਲ ਵਕੀਲ ਨਾ ਹੋਵੇ ਤਾਂ ਜੱਜ ਤੁਹਾਨੂੰ ਕਹੇਗਾ ਕਿ ਤੁਸੀਂ ਆਪਣੀ ਹਾਲਤ ਬਾਰੇ ਕੋਰਟ ਨੂੰ ਦੱਸੋ ਅਤੇ ਆਪਣੇ ਹਲਫੀਆ ਬਿਆਨ ਦਿਉ ਅਤੇ ਜੇ ਕੋਈ ਗਵਾਹ ਹੈ ਤਾਂ ਗਵਾਹਾਂ ਦੇ ਹਲਫੀਆ ਬਿਆਨ ਪੇਸ਼ ਕਰੋ।

ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਵੀ (ਜਾਂ ਉਸਦਾ ਵਕੀਲ ਜੇ ਉਸ ਨੇ ਕੀਤਾ ਹੈ) ਘਟਨਾਵਾਂ ਨਾਲ ਸੰਬੰਧਿਤ ਆਪਣੇ ਪੱਖ ਦੀ ਹਿਮਾਇਤ ਵਿਚ ਹਲਫੀਆ ਬਿਆਨ ਦੇਵੇਗਾ।

## ਦੋਨਾਂ ਅਦਾਲਤਾਂ ਵਿਚ

(In both courts)

ਜੱਜ ਆਪਣਾ ਫੈਸਲਾ, ਸੁਣਵਾਈ ਵਿਖੇ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਦੇਵੇਗਾ। ਜੇ ਜੱਜ ਆਰਡਰ ਦੇ ਦਿੰਦਾ ਹੈ ਤਾਂ ਆਰਡਰ ਵਿਚ ਉਹ ਸ਼ਰਤਾਂ ਦਰਜ ਹੋਣਗੀਆਂ ਜਿਨ੍ਹਾਂ ਦੀ ਪਾਲਣਾ ਉਸ ਵਿਅਕਤੀ ਨੂੰ ਜ਼ਰੂਰ ਕਰਨੀ ਪਵੇਗੀ।

### ਆਰਡਰ ਦੀ ਪਾਲਣਾ ਕਰਨ ਦੀ ਧਾਰਾ (ਕਲਾਜ਼) ਸ਼ਾਮਲ ਕਰੋ

(Include an enforcement clause)

ਜੱਜ ਨੂੰ ਕਹੋ ਜਾਂ ਜੇ ਤੁਹਾਡੇ ਕੋਲ ਵਕੀਲ ਹੈ ਤਾਂ ਵਕੀਲ ਨੂੰ ਇਹ ਯਾਦ ਕਰਾਉ ਕਿ ਉਹ ਤੁਹਾਡੇ ਆਰਡਰ ਵਿਚ ਪੁਲੀਸ ਵਲੋਂ ਆਰਡਰ ਦੀ ਪਾਲਣਾ ਕਰਨ ਦੀ ਧਾਰਾ ਸ਼ਾਮਲ ਕਰਵਾਏ ਜਿਹੜੀ ਪੁਲੀਸ ਨੂੰ ਕਾਰਵਾਈ ਕਰਨ ਲਈ ਕਹੇਗੀ, ਜੇ ਆਰਡਰ ਵਿਚਲਾ ਵਿਅਕਤੀ, ਆਰਡਰ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰੇ।

### ਇਹ ਪੱਕਾ ਕਰੋ ਕਿ ਤੁਹਾਡੇ ਆਰਡਰ 'ਤੇ ਫੌਰਨ ਦਸਤਖਤ ਹੋ ਜਾਣ

(Make sure your order is signed right away)

ਜੇ ਤੁਹਾਡੇ ਕੋਲ ਵਕੀਲ ਹੈ ਤਾਂ ਵਕੀਲ ਨੂੰ ਇਹ ਯਾਦ ਕਰਾਉ ਕਿ ਉਹ ਅਦਾਲਤ ਵਿਚ ਡਰਾਫਟ ਆਰਡਰ (ਆਰਡਰ ਦਾ ਖਰੜਾ) ਲੈ ਕੇ ਆਵੇ, ਜਿਸ ਵਿਚ ਉਹ ਸ਼ਰਤਾਂ ਲਿਖੀਆਂ ਹੋਣ ਜਿਹੜੀਆਂ ਤੁਸੀਂ ਜੱਜ ਦੇ ਆਰਡਰ ਵਿਚ ਚਾਹੁੰਦੇ ਹੋ, ਜਿਸ ਵਿਚ ਪੁਲੀਸ ਵਲੋਂ ਆਰਡਰ ਨੂੰ ਲਾਗੂ ਕਰਨ ਦੀ ਧਾਰਾ ਵੀ ਸ਼ਾਮਲ ਹੈ। ਜੇ ਜੱਜ ਇਹ ਫੈਸਲਾ ਕਰਦਾ ਹੈ ਕਿ ਸ਼ਰਤਾਂ ਵੱਖਰੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਤੁਹਾਡਾ ਵਕੀਲ ਫੌਰਨ ਖਰੜੇ ਵਿਚ ਤਬਦੀਲੀਆਂ ਕਰ ਸਕਦਾ ਹੈ। ਜਦੋਂ ਜੱਜ

ਨੇ ਆਰਡਰ ਤੇ ਦਸਤਖਤ ਕਰ ਦਿੱਤੇ, ਅਦਾਲਤ ਦਾ ਸਟਾਫ ਆਰਡਰ ਨੂੰ ਪ੍ਰੋਟੈਕਸ਼ਨ ਆਰਡਰ ਰਜਿਸਟਰੀ ਕੋਲ ਭੇਜ ਦੇਵੇਗਾ। ਆਰਡਰ ਉਸੇ ਵੇਲੇ ਹੀ ਲਾਗੂ ਹੋ ਜਾਂਦਾ ਹੈ ਜਦੋਂ ਇਹ ਕੀਤਾ ਗਿਆ ਸੀ।

ਸੂਬਾਈ ਅਦਾਲਤ ਵਿਚ, ਜੇ ਤੁਹਾਡੇ ਕੋਲ ਵਕੀਲ ਨਾ ਹੋਵੇ ਤਾਂ ਅਦਾਲਤ ਦਾ ਸਟਾਫ ਤੁਹਾਡੇ ਲਈ ਆਰਡਰ ਤਿਆਰ ਕਰੇਗਾ। ਇਹ ਪੱਕਾ ਕਰੋ ਕਿ ਪੁਲੀਸ ਵਲੋਂ ਆਰਡਰ ਨੂੰ ਲਾਗੂ ਕਰਨ ਦੀ ਧਾਰਾ ਸ਼ਾਮਲ ਹੋ ਗਈ ਹੈ।

## ਜੇ ਮੈਨੂੰ ਫੌਰੀ ਹਿਫਾਜ਼ਤ ਦੀ ਲੋੜ ਮਹਿਸੂਸ ਹੋਵੇ ਤਾਂ ਕੀ ਹੋਵੇਗਾ?

(What if I think I need protection right away?)

ਜੇ ਤੁਹਾਨੂੰ ਫੌਰੀ ਖਤਰਾ ਹੈ ਤਾਂ ਤੁਰੰਤ ਪੁਲੀਸ ਨੂੰ 911 ’ਤੇ ਫੌਰਨ ਫੋਨ ਕਰੋ। (ਜੇ ਤੁਹਾਡੇ ਇਲਾਕੇ ਵਿਚ 911 ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਫੋਨ ਬੁੱਕ ਦੇ ਪਹਿਲੇ ਸਫੇ ’ਤੇ Emergency ਥੱਲੇ ਲੋਕਲ ਪੁਲੀਸ ਦਾ ਐਮਰਜੰਸੀ ਫੋਨ ਨੰਬਰ ਦੇਖੋ।)

ਜੇ ਤੁਹਾਨੂੰ ਫੌਰੀ ਖਤਰਾ ਨਹੀਂ ਹੈ ਪਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਪ੍ਰੋਟੈਕਸ਼ਨ ਆਰਡਰ ਲੈਣ ਲਈ ਸੁਣਵਾਈ ਤੱਕ ਉਡੀਕਣਾ ਸੁਰੱਖਿਅਤ ਨਹੀਂ ਹੈ ਤਾਂ “ਐਕਸ-ਪਾਰਟੇ” (ਇਕਤਰਫਾ) ਆਰਡਰ ਲੈਣ ਲਈ ਜੱਜ ਨੂੰ ਛੇਤੀ ਤੋਂ ਛੇਤੀ ਮਿਲਣ ਦੀ ਕੋਸ਼ਿਸ਼ ਕਰੋ। ਇਹ ਇਕ ਅਜਿਹਾ ਆਰਡਰ ਹੈ ਜਿਹੜਾ ਜੱਜ ਅੱਗੇ ਸੁਣਵਾਈ ਵੇਲੇ ਜੱਜ ਵਲੋਂ ਆਰਡਰ ਵਿਚਲੇ ਵਿਅਕਤੀ (ਤੁਹਾਡੇ ਸਾਥੀ ਜਾਂ ਸਾਬਕਾ-ਸਾਥੀ) ਨੂੰ ਅਦਾਲਤ ਵਲੋਂ ਅਗਾਊਂ ਨੋਟਿਸ ਦਿੱਤੇ ਬਿਨਾਂ ਕੀਤਾ ਜਾਂਦਾ ਹੈ। ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਕੋਰਟਰੂਮ ਵਿਚ ਹਾਜ਼ਰ ਨਹੀਂ ਹੋਵੇਗਾ ਜਾਂ ਉਸ ਨੂੰ ਉਦੋਂ ਤੱਕ ਸੁਣਵਾਈ ਜਾਂ ਆਰਡਰ ਬਾਰੇ ਨਹੀਂ ਦੱਸਿਆ ਜਾਵੇਗਾ ਜਦ ਤੱਕ ਉਸ ਨੂੰ ਅਦਾਲਤ ਵਲੋਂ ਆਰਡਰ ਦੀ ਕਾਪੀ ਨਹੀਂ ਮਿਲ ਜਾਂਦੀ। ਤੁਹਾਡੇ ਅਪਲਾਈ ਕਰਨ ਵੇਲੇ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਕਿਉਂਕਿ ਅਦਾਲਤ ਵਿਚ ਨਹੀਂ ਹੋਵੇਗਾ, ਇਸ ਕਰਕੇ ਜੱਜ ਤੁਹਾਡੇ ਤੋਂ ਇਹ ਉਮੀਦ ਰੱਖੇਗਾ ਕਿ ਤੁਸੀਂ ਸਾਰੀ ਕਹਾਣੀ ਦੱਸੋਗੇ। ਜੱਜ ਤੁਹਾਡੀ ਗਵਾਹੀ ਦੀ ਨਕਲ ਰੱਖਣ ਦਾ ਵੀ ਹੁਕਮ ਦੇ ਸਕਦਾ ਹੈ ਜੋ ਕਿ ਤੁਹਾਡੀ ਕੋਰਟ ਫਾਇਲ ਵਿਚ ਰੱਖੀ ਜਾਵੇਗੀ।

ਐਕਸ-ਪਾਰਟੇ ਆਰਡਰ ਇਕ ਆਰਜ਼ੀ ਰੀਸਟਰੇਨਿੰਗ ਆਰਡਰ ਹੈ ਜਿਹੜਾ ਖਾਸ ਸ਼ਰਤਾਂ ਤਹਿ ਕਰਦਾ ਹੈ ਜਿਵੇਂ ਕਿ ਤੁਹਾਡੇ ਜਾਂ ਤੁਹਾਡੇ ਬੱਚਿਆਂ ਨਾਲ ਕੋਈ ਸੰਪਰਕ ਨਹੀਂ ਕਰਨਾ। ਐਕਸਪਾਰਟੇ

ਆਰਡਰ ਦੀਆਂ ਸ਼ਰਤਾਂ ਉਦੋਂ ਤੱਕ ਲਾਗੂ ਰਹਿੰਦੀਆਂ ਹਨ ਜਦ ਤੱਕ ਇਸ ਦੀ ਮਿਆਦ ਮੁੱਕ ਨਹੀਂ ਜਾਂਦੀ ਜਾਂ ਅਦਾਲਤ ਵਲੋਂ ਹੋਰ ਰੀਸਟਰੇਨਿੰਗ ਆਰਡਰ ਜਾਰੀ ਨਹੀਂ ਕਰ ਦਿੱਤਾ ਜਾਂਦਾ। ਜੇ ਤੁਹਾਡਾ ਸਾਥੀ ਜਾਂ ਸਾਬਕਾ-ਸਾਥੀ ਇਸ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਅਤੇ ਜੁਰਮ ਦਾ ਚਾਰਜ ਲਾਇਆ ਜਾ ਸਕਦਾ ਹੈ।

### ਆਰਡਰ ਦੀ ਇਕ ਕਾਪੀ ਆਪਣੇ ਕੋਲ ਰੱਖੋ
(Keep a copy of the order with you)

ਆਪਣੇ ਵਕੀਲ ਜਾਂ ਅਦਾਲਤ ਦੇ ਸਟਾਫ ਤੋਂ ਰੀਸਟਰੇਨਿੰਗ ਆਰਡਰ ਦੀ ਇਕ ਕਾਪੀ ਮੰਗੋ ਅਤੇ ਇਸ ਨੂੰ ਧਿਆਨ ਨਾਲ ਪੜ੍ਹੋ ਤਾਂ ਜੋ ਤੁਸੀਂ ਇਸ ਦੀਆਂ ਸ਼ਰਤਾਂ ਸਮਝ ਸਕੋ। ਇਸ ਆਰਡਰ ਦੀ ਇਕ ਕਾਪੀ ਆਪਣੇ ਕੋਲ ਰੱਖੋ ਤਾਂ ਜੋ ਜੇ ਤੁਹਾਨੂੰ ਪੁਲੀਸ ਨੂੰ ਫੋਨ ਕਰਨ ਦੀ ਲੋੜ ਪਵੇ ਤਾਂ ਤੁਸੀਂ ਇਹ ਉਨ੍ਹਾਂ ਨੂੰ ਦਿਖਾ ਸਕੋ।

ਜੇ ਆਰਡਰ ਵਿਚ ਤੁਹਾਡੇ ਬੱਚੇ ਵੀ ਸ਼ਾਮਲ ਹਨ ਤਾਂ ਆਰਡਰ ਦੀ ਇਕ ਕਾਪੀ ਉਨ੍ਹਾਂ ਨੂੰ ਦਿਉ ਜਿਹੜੇ ਬੱਚਿਆਂ ਲਈ ਉਦੋਂ ਜ਼ਿੰਮੇਵਾਰ ਹੁੰਦੇ ਹਨ ਜਦੋਂ ਉਹ ਤੁਹਾਡੀ ਦੇਖ ਰੇਖ ਥੱਲੇ ਨਹੀਂ ਹੁੰਦੇ ਜਿਵੇਂ ਕਿ ਉਨ੍ਹਾਂ ਦੇ ਟੀਚਰ, ਬੱਚਿਆਂ ਦੀ ਸੰਭਾਲ ਕਰਨ ਵਾਲੇ, ਕੋਚ, ਜਾਂ ਹੋਰ ਇਨਸਟਰੱਕਟਰ।

## ਮੇਰੇ ਰੀਸਟਰੇਨਿੰਗ ਆਰਡਰ ਲੈ ਲੈਣ ਤੋਂ ਬਾਅਦ ਜੇ ਉਹ ਮੇਰੇ ਘਰ ਆ ਜਾਵੇ ਤਾਂ ਮੈਂ ਕੀ ਕਰਾਂ?
(What do I do if he shows up at my home after I get a restraining order?)

ਪੁਲੀਸ ਨੂੰ ਤੁਰੰਤ 911 ’ਤੇ ਫੋਨ ਕਰੋ। (ਜੇ ਤੁਹਾਡੇ ਇਲਾਕੇ ਵਿਚ 911 ਸਰਵਿਸ ਨਹੀਂ ਹੈ ਤਾਂ ਆਪਣੀ ਲੋਕਲ ਫੋਨ ਬੁੱਕ ਦੇ ਪਹਿਲੇ ਸਫੇ ’ਤੇ Emergency ਥੱਲੇ ਲੋਕਲ ਪੁਲੀਸ ਦਾ ਐਮਰਜੰਸੀ ਫੋਨ ਨੰਬਰ ਦੇਖੋ।) ਉਨ੍ਹਾਂ ਨੂੰ ਦੱਸੋ ਕਿ ਤੁਹਾਡੇ ਕੋਲ ਰੀਸਟਰੇਨਿੰਗ ਆਰਡਰ ਹਨ ਅਤੇ ਜਿਸ ਨਾਂ ਦੇ ਆਰਡਰ ਹਨ, ਉਹ ਵਿਅਕਤੀ ਆਪਣੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰ ਰਿਹਾ। (ਜੇ ਤੁਹਾਡੇ ਕੋਲ ਵਕੀਲ ਹੋਵੇ ਤਾਂ ਉਸ ਨੂੰ ਫੋਨ ਕਰਨਾ ਵੀ ਚੰਗੀ ਗੱਲ ਹੈ।)

ਬਹੁਤੇ ਕੇਸਾਂ ਵਿਚ, ਖਾਸ ਕਰਕੇ ਜੇ ਤੁਸੀਂ ਖਤਰੇ ਵਿਚ ਹੋਵੋ ਤਾਂ ਪੁਲੀਸ ਉਸ ਨੂੰ ਗ੍ਰਿਫਤਾਰ ਕਰ ਲਵੇਗੀ ਅਤੇ ਕਰਾਊਨ ਕੌਂਸਲ ਨੂੰ ਕਹੇਗੀ ਕਿ ਉਹ ਉਸਦੇ ਖਿਲਾਫ ਚਾਰਜ ਲਾਵੇ। ਜੇ ਉਹ

ਰੀਸਟਰੇਨਿੰਗ ਆਰਡਰ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਤਾਂ:

- ਉਸ ਨੂੰ 2,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ, ਅਤੇ/ਜਾਂ
- ਜੇਲ੍ਹ ਭੇਜਿਆ ਜਾ ਸਕਦਾ ਹੈ (ਇਹ ਸਮਾਂ ਚਾਰਜ ਮੁਤਾਬਕ ਛੇ ਮਹੀਨਿਆਂ ਤੱਕ ਦਾ ਜਾਂ ਦੋ ਸਾਲਾਂ ਤੱਕ ਦਾ ਹੋ ਸਕਦਾ ਹੈ)।

ਸਜ਼ਾ ਦਾ ਫੈਸਲਾ ਜੱਜ, ਕੇਸ ਦੇ ਹਾਲਾਤਾਂ ਦੇ ਆਧਾਰ ਤੇ ਕਰੇਗਾ। ਜੇ ਹਾਲਾਤ ਬਹੁਤ ਗੰਭੀਰ ਨਾ ਹੋਣ ਜਾਂ ਜੇ ਉਸ ਨੇ ਪਹਿਲਾਂ ਵੀ ਅਦਾਲਤ ਦੇ ਆਰਡਰਾਂ ਦੀ ਉਲੰਘਣਾ ਨਾ ਕੀਤੀ ਹੋਵੇ ਤਾਂ ਆਮ ਤੌਰ ਤੇ ਜੱਜ ਵੱਧ ਤੋਂ ਵੱਧ ਜੁਰਮਾਨੇ ਜਾਂ ਸਜ਼ਾ ਦੀ ਚੋਣ ਨਹੀਂ ਕਰੇਗਾ।

## ਆਰਡਰ ਤੋਂ ਬਾਅਦ ਜੇ ਮੈਂ ਉਸ ਨੂੰ ਮਿਲਣਾ ਚਾਹਾਂ ਜਾਂ ਉਸ ਨਾਲ ਗੱਲ ਕਰਨੀ ਚਾਹਾਂ ਤਾਂ ਕੀ ਹੋਵੇਗਾ?

(What if I want to see him or talk to him after the restraining order is in place?)

ਇਕ ਵਾਰ ਜਦੋਂ ਤੁਹਾਨੂੰ ਰੀਸਟਰੇਨਿੰਗ ਆਰਡਰ ਮਿਲ ਜਾਣ ਤਾਂ ਇਸ ਵਿਚਲੇ ਵਿਅਕਤੀ ਨੂੰ ਇਸ ਦੀਆਂ ਸ਼ਰਤਾਂ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ — ਆਰਡਰ ਦੀ ਪਾਲਣਾ ਨਾ ਕਰਨਾ ਇਕ ਜੁਰਮ ਹੈ। ਭਾਵੇਂ ਤੁਸੀਂ ਹੀ ਇਹ ਚਾਹੁੰਦੇ ਹੋਵੋ ਕਿ ਉਹ ਤੁਹਾਨੂੰ ਮਿਲੇ ਪਰ ਉਹ ਉਤਨਾ ਚਿਰ ਨਹੀਂ ਮਿਲ ਸਕਦਾ ਜਦ ਤੱਕ ਜੱਜ ਆਰਡਰ ਨੂੰ ਬਦਲ ਨਹੀਂ ਦਿੰਦਾ। ਜੇ ਤੁਸੀਂ ਉਸ ਨਾਲ ਸੰਪਰਕ ਕਰਦੇ ਹੋ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ।

## ਜੇ ਮੈਂ ਰੀਸਟਰੇਨਿੰਗ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹਾਂ ਤਾਂ ਕੀ ਹੋਵੇਗਾ?

(What if I want the restraining order changed or cancelled?)

ਇਹ ਗੱਲ ਯਾਦ ਰੱਖੋ ਕਿ ਰੀਸਟਰੇਨਿੰਗ ਆਰਡਰ ਤੁਹਾਡੀ ਹਿਫਾਜ਼ਤ ਲਈ ਤਿਆਰ ਕੀਤਾ ਗਿਆ ਸੀ। ਇਸ ਵਿਚ ਕੋਈ ਵੀ ਤਬਦੀਲੀ ਕਰਵਾਉਣ ਤੋਂ ਪਹਿਲਾਂ, ਤੁਸੀਂ ਵਿਕਟਮ ਸਰਵਿਸਿਜ਼ ਦੇ ਵਰਕਰ ਜਾਂ ਵਕੀਲ ਨਾਲ ਗੱਲ ਕਰਕੇ ਇਹ ਪੁੱਛ ਸਕਦੇ ਹੋ ਕਿ ਇਸ ਦਾ ਤੁਹਾਡੀ ਨਿੱਜੀ ਸੁਰੱਖਿਆ ’ਤੇ ਕੀ ਅਸਰ ਪੈ ਸਕਦਾ ਹੈ।

ਜੇ ਤੁਸੀਂ ਅਜੇ ਵੀ ਰੀਸਟਰੇਨਿੰਗ ਆਰਡਰ ਬਦਲਣਾ ਜਾਂ ਕੈਂਸਲ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਉਸ ਅਦਾਲਤ ਨਾਲ ਸੰਪਰਕ ਕਰੋ ਜਿਸ ਨੇ ਰੀਸਟਰੇਨਿੰਗ ਆਰਡਰ ਜਾਰੀ ਕੀਤਾ ਸੀ ਜਾਂ ਆਪਣੇ ਵਕੀਲ ਨਾਲ ਗੱਲ ਕਰੋ।

## ਜੇ ਮੈਂ ਕਿਸੇ ਹੋਰ ਸੂਬੇ ਵਿਚ ਮੂਵ ਹੋ ਜਾਵਾਂ ਤਾਂ ਕੀ ਹੋਵੇਗਾ?

(What if I move to another province?)

ਤੁਹਾਡਾ ਰੀਸਟਰੇਨਿੰਗ ਆਰਡਰ ਤੁਹਾਡੇ ਨਵੇਂ ਸੂਬੇ ਵਿਚ ਲਾਗੂ ਹੋਣ ਯੋਗ ਹੋ ਸਕਦਾ ਹੈ। ਆਪਣੇ ਨੇੜੇ ਦੀ ਕੋਰਟ ਰਜਿਸਟਰੀ ਤੋਂ ਪੁੱਛੋ। ਤੁਹਾਡੇ ਬ੍ਰਿਟਿਸ਼ ਕੋਲੰਬੀਆ ਦੇ ਰੀਸਟਰੇਨਿੰਗ ਆਰਡਰ ਨੂੰ ਤੁਹਾਡੇ ਨਵੇਂ ਸੂਬੇ ਵਿਚ ਲਾਗੂ ਕਰਨ ਲਈ ਜੇ ਕੋਈ ਕਦਮ ਚੁੱਕਣ ਵਾਲੇ ਹੋਏ ਤਾਂ ਅਦਾਲਤ ਦਾ ਸਟਾਫ ਤੁਹਾਨੂੰ ਇਸ ਬਾਰੇ ਦੱਸੇਗਾ ਜਾਂ ਜੇ ਤੁਹਾਨੂੰ ਨਵੇਂ ਰੀਸਟਰੇਨਿੰਗ ਆਰਡਰ ਲਈ ਅਪਲਾਈ ਕਰਨ ਦੀ ਲੋੜ ਹੋਈ ਤਾਂ ਇਸ ਦੀ ਜਾਣਕਾਰੀ ਦੇਵੇਗਾ ਅਤੇ ਉਹ ਤੁਹਾਨੂੰ ਇਹ ਵੀ ਦੱਸਣਗੇ ਕਿ ਕੀ ਤੁਹਾਨੂੰ ਆਪਣੇ ਬ੍ਰਿਟਿਸ਼ ਕੋਲੰਬੀਆ ਦੇ ਰੀਸਟਰੇਨਿੰਗ ਆਰਡਰ ਦੀ ਕਾਪੀ ਲੋਕਲ ਪੁਲੀਸ ਕੋਲ ਲਿਜਾਣ ਦੀ ਲੋੜ ਹੈ।

## ਜੇ ਉਹ ਰੀਸਟਰੇਨਿੰਗ ਆਰਡਰ ਵਿਚ ਦਰਜ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਕੀ ਹੋਵੇਗਾ?

(What happens if he follows everything the restraining order says?)

ਜੇ ਉਹ ਰੀਸਟਰੇਨਿੰਗ ਆਰਡਰ ਵਿਚ ਦਰਜ ਹਰ ਚੀਜ਼ ਦੀ ਪਾਲਣਾ ਕਰਦਾ ਹੈ ਤਾਂ ਅਗਾਂਹ ਕੁਝ ਨਹੀਂ ਹੋਵੇਗਾ। ਉਸ ਦਾ ਰਿਕਾਰਡ ਮੁਜਰਮਾਨਾ ਨਹੀਂ ਹੋਵੇਗਾ, ਉਸ ਨੂੰ ਜੁਰਮਾਨਾ ਨਹੀਂ ਦੇਣਾ ਪਵੇਗਾ ਅਤੇ ਜੇਲ੍ਹ ਨਹੀਂ ਜਾਣਾ ਪਵੇਗਾ।

# ਵਸੀਲੇ
(Resources)

## ਪੁਲੀਸ
(Police)

ਜੇ ਇਹ ਐਮਰਜੰਸੀ ਹੈ ਤਾਂ 911 ’ਤੇ ਫੋਨ ਕਰੋ ਜਾਂ ਆਪਣੀ ਲੋਕਲ ਟੈਲੀਫੋਨ ਬੁੱਕ ਦੇ ਪਹਿਲੇ ਸਫੇ ’ਤੇ ਪੁਲੀਸ ਦਾ ਐਮਰਜੰਸੀ ਨੰਬਰ ਦੇਖੋ। ਬਾਕੀ ਸਾਰੀਆਂ ਕਾਲਾਂ ਲਈ ਪੁਲੀਸ ਦੇ ਨੌਨ–ਐਮਰਜੰਸੀ ਨੰਬਰ ’ਤੇ ਫੋਨ ਕਰੋ ਜਿਸ ਦਾ ਨੰਬਰ ਤੁਹਾਡੀ ਲੋਕਲ ਟੈਲੀਫੋਨ ਬੁੱਕ ਦੇ ਪਹਿਲੇ ਸਫੇ ’ਤੇ ਹੈ।

## ਵਿਕਟਮਲਿੰਕ
(VictimLINK)

ਤਸ਼ੱਦਦ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਸੇਵਾਵਾਂ ਬਾਰੇ ਪਤਾ ਲਾਉਣ ਲਈ, ਜਾਂ ਇਹ ਚੈੱਕ ਕਰਨ ਲਈ ਕਿ ਕੀ ਤੁਹਾਡਾ ਪੀਸ ਬੌਂਡ ਜਾ ਰੀਸਟਰੇਨਿੰਗ ਆਰਡਰ, ਪ੍ਰੋਟੈਕਸ਼ਨ ਆਰਡਰ ਰਜਿਸਟਰੀ ਵਿਚ ਦਰਜ ਹੋ ਗਿਆ ਹੈ ਵਿਕਟਮਲਿੰਕ ਨੂੰ ਫੋਨ ਕਰੋ। ਹਫਤੇ ਦੇ ਸੱਤੇ ਦਿਨ, ਦਿਨ ਦੇ 24 ਘੰਟੇ 1-800-563-0808 ’ਤੇ (ਮੁਫਤ) ਫੋਨ ਕਰੋ। ਇਹ ਲਾਈਨ ਬਹੁਭਾਸ਼ਾਈ ਹੈ।

### ਜੇ ਤੁਹਾਨੂੰ ਬੋਲਣ ਜਾਂ ਸੁਣਨ ਵਿਚ ਮੁਸ਼ਕਲ ਹੈ
(If you have a speech or hearing impairment)

ਪੁਲੀਸ, ਵਿਕਟਿਮਲਿੰਕ ਜਾਂ ਇੱਥੇ ਦਰਜ ਕਿਸੇ ਵੀ ਹੋਰ ਏਜੰਸੀ ਨਾਲ ਸੰਪਰਕ ਕਰਨ ਲਈ ਦਿਨ ਦੇ 24 ਘੰਟੇ ਟੈੱਲਅੱਸ ਮੈਸੇਜ ਰੀਲੇਅ ਸੈਂਟਰ ਨੂੰ ਫੋਨ ਕਰੋ:

ਟੀ ਟੀ ਵਾਈ/ਵੀ ਸੀ ਓ ਟੈਲੀਫੋਨ: 711

ਆਮ ਟੈਲੀਫੋਨ: 1-800-855-0511
(ਮੁਫਤ ਫੋਨ)

# ਮਲਟੀਕਲਚਰਲ ਕਮਿਊਨਟੀ ਵਰਕਰ ਅਤੇ ਦੋਭਾਸ਼ੀਏ

(Multicultural community workers and interpreters)

ਅੱਗੇ ਲਿਖੀਆਂ ਸੰਸਥਾਵਾਂ ਸੇਵਾਵਾਂ ਦਿੰਦੀਆਂ ਹਨ ਜਾਂ ਤੁਹਾਨੂੰ ਪੰਜਾਬੀ ਵਿਚ ਸਰਵਿਸ ਲਈ ਅਗਾਂਹ ਭੇਜ ਸਕਦੀਆਂ ਹਨ।

## ਐਬਸਫੋਰਡ

ਐਬਸਫੋਰਡ ਕਮਿਊਨਟੀ ਸਰਵਿਸਿਜ (604) 859-7681

## ਬਰਨਬੀ

ਬਰਨਬੀ ਮਲਟੀਕਲਚਰਲ ਸੁਸਾਇਟੀ (604) 431-4131

ਵੈਨਕੂਵਰ ਐਂਡ ਲੋਅਰ ਮੇਨਲੈਂਡ (604) 436-1025
ਮਲਟੀਕਲਚਰਲ ਫੈਮਿਲੀ ਸਪੋਰਟ ਸਰਵਿਸਿਜ ਸੁਸਾਇਟੀ

## ਕੈਮਲੂਪਸ

ਕੈਮਲੂਪਸ ਕੈਰੀਬੂ ਇਮੀਂਗਰਾਂਟਸ (250) 372-0855
ਸੁਸਾਇਟੀ

## ਨਾਨੈਮੋ

ਸੈਂਟਰਲ ਵੈਨਕੂਵਰ ਆਈਲੈਂਡ (250) 753-6911
ਮਲਟੀਕਲਚਰਲ ਸੁਸਾਇਟੀ

## ਪ੍ਰਿੰਸ ਜਾਰਜ

ਇਮੀਂਗਰਾਂਟ ਐਂਡ ਮਲਟੀਕਲਚਰਲ (250) 562-2900
ਸਰਵਿਸਿਜ਼ ਸੁਸਾਇਟੀ

## ਰਿਚਮੰਡ

ਰਿਚਮੰਡ ਮਲਟੀਕਲਚਰਲ (604) 279-7160
ਕੌਨਸਰਨਜ਼ ਸੁਸਾਇਟੀ

## ਸਰੀ

| | |
|---|---|
| ਡਾਈਵਰਸਟੀ ਕਮਿਊਨਟੀ ਰੀਸੋਰਸਿਜ ਸੁਸਾਇਟੀ | (604) 597-1358 |
| ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਟੀ ਸਰਵਿਸਿਜ਼ ਸੁਸਾਇਟੀ | (604) 596-7722 |

## ਵੈਨਕੂਵਰ

| | |
|---|---|
| ਇਮੀਂਗਰਾਂਟ ਸਰਵਿਸਿਜ਼ ਸੁਸਾਇਟੀ ਆਫ ਬੀ ਸੀ | (604) 684-7498 |
| ਮੋਜ਼ੈਕ | |
| ਵਸੇਬਾ, ਸਲਾਹ ਮਸ਼ਵਰਾ, ਵਿਕਟਮ ਸਪੋਰਟ ਸਰਵਿਸਿਜ਼ | (604) 254-9626 |
| ਦੋਭਾਸ਼ੀਏ ਦੀਆਂ ਸੇਵਾਵਾਂ | (604) 254-8022 |

## ਵਿਕਟੋਰੀਆ

| | |
|---|---|
| ਇੰਟਰ–ਕਲਚਰਲ ਐਸੋਸੀਏਸ਼ਨ ਆਫ ਗਰੇਟਰ ਵਿਕਟੋਰੀਆ | (250) 388-4728 |
| ਵਿਕਟੋਰੀਆ ਇਮੀਂਗਰਾਂਟ ਐਂਡ ਰਫਿਊਜੀ ਸੈਂਟਰ ਸੁਸਾਇਟੀ | (250) 361-9433 |

# ਕਮਿਊਨਟੀ ਵਿਚਲੇ ਹਿਮਾਇਤੀ

(Community advocates)

ਤੁਹਾਡੀ ਕਮਿਊਨਟੀ ਵਿਚਲਾ ਕੋਈ ਵੀ ਵਿਅਕਤੀ ਤੁਹਾਡਾ ਹਿਮਾਇਤੀ (ਐਡਵੋਕੇਟ) ਹੋ ਸਕਦਾ ਹੈ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ ਅਤੇ ਜਿਹੜਾ ਪੁਲੀਸ ਜਾਂ ਅਦਾਲਤੀ ਸਿਸਟਮ ਨਾਲ ਵਰਤਣ ਵਿਚ ਤੁਹਾਡੀ ਮਦਦ ਕਰਨਾ ਚਾਹੁੰਦਾ ਹੈ। ਇਹ ਹਿਮਾਇਤੀ, ਵਿਕਟਮ ਸਰਵਿਸਿਜ਼ ਵਰਕਰ, ਕੋਈ ਦੋਸਤ ਜਾਂ ਰਿਸ਼ਤੇਦਾਰ, ਲੋਕਲ ਵਿਮਨਜ਼ ਸੈਂਟਰ ਜਾਂ ਟ੍ਰਾਂਜੀਸ਼ਨ ਹਾਊਸ ਦਾ ਵਲੰਟੀਅਰ ਜਾਂ ਸਟਾਫ ਮੈਂਬਰ ਹੋ ਸਕਦਾ ਹੈ ਜਾਂ ਮਲਟੀਕਲਚਰਲ ਜਾਂ ਅਬਰਿਜਨਲ ਸਰਵਿਸਿਜ਼ ਏਜੰਸੀ ਵਿੱਚੋਂ ਕੋਈ ਹੋ ਸਕਦਾ ਹੈ।

ਜੇ ਤੁਸੀਂ ਕੋਈ ਹਿਮਾਇਤੀ ਚਾਹੁੰਦੇ ਹੋਵੋ ਪਰ ਆਪਣੇ ਇਲਾਕੇ ਵਿਚ ਕੋਈ ਹਿਮਾਇਤੀ ਨਾ ਲੱਭ ਸਕੋ ਤਾਂ ਵਿਕਟਮਲਿੰਕ ਨੂੰ ਫੋਨ ਕਰੋ (ਸਫਾ 26 ਦੇਖੋ)। ਉਹ ਕੋਈ ਹਿਮਾਇਤੀ ਲੱਭਣ ਵਿਚ

ਤੁਹਾਡੀ ਮਦਦ ਕਰਨਗੇ ਜਾਂ ਜੇ ਤੁਹਾਨੂੰ ਲੋੜ ਹੋਵੇ ਤਾਂ ਤੁਹਾਨੂੰ ਹੋਰ ਕਮਿਉਨਟੀ ਏਜੰਸੀਆਂ ਬਾਰੇ ਦੱਸਣਗੇ।

## ਲੀਗਲ ਏਡ

(Legal aid)

ਮੁਫਤ ਲੀਗਲ ਏਡ (ਕਾਨੂੰਨੀ ਸਹਾਇਤਾ) ਦੀਆਂ ਸੇਵਾਵਾਂ ਘੱਟ ਆਮਦਨ ਵਾਲੇ ਯੋਗ ਉਮੀਦਵਾਰਾਂ ਲਈ ਉਪਲਬਧ ਹਨ। ਆਪਣੇ ਨੇੜੇ ਦੇ ਲੀਗਲ ਏਡ ਦੇ ਦਫਤਰ ਦਾ ਨੰਬਰ ਤੁਸੀਂ ਆਪਣੀ ਲੋਕਲ ਫੋਨ ਬੁੱਕ ਦੇ ਚਿੱਟੇ ਪੰਨਿਆਂ ’ਤੇ ਲਏਗਅਲ ਅਦਿ ਥੱਲੇ ਦੇਖ ਸਕਦੇ ਹੋ, ਜਾਂ ਲੀਗਲ ਸਰਵਿਜਿਜ਼ ਸੁਸਾਇਟੀ ਕਾਲ ਸੈਂਟਰ ਨੂੰ (604) 408-2172 (ਲੋਅਰ ਮੇਨਲੈਂਡ ਵਿਚ) ’ਤੇ ਜਾਂ 1-866-577-2525 (ਲੋਅਰ ਮੇਨਲੈਂਡ ਤੋਂ ਬਾਹਰਲੇ ਇਲਾਕੇ ਤੋਂ ਮੁਫਤ ਫੋਨ) ’ਤੇ ਫੋਨ ਕਰੋ।

## ਫੈਮਿਲੀ ਡਿਊਟੀ ਕੌਂਸਲ

(Family duty counsel)

ਬਹੁਤੀਆਂ ਸੂਬਾਈ ਅਦਾਲਤਾਂ ਵਿਚ ਫੈਮਿਲੀ ਡਿਊਟੀ ਕੌਂਸਲ (ਵਕੀਲ) ਹੁੰਦੇ ਹਨ ਜਿਹੜੇ ਲੋਕਾਂ ਦੀ ਪਰਿਵਾਰ ਨਾਲ ਸੰਬੰਧਿਤ ਕਾਨੂੰਨੀ ਸਮੱਸਿਆਵਾਂ ਵਿਚ ਮਦਦ ਕਰਦੇ ਹਨ। ਜੇ ਤੁਸੀਂ ਲੀਗਲ ਏਡ ਲੈਣ ਦੇ ਯੋਗ ਨਹੀਂ ਹੋ ਤਾਂ ਵੀ ਤੁਸੀਂ ਫੈਮਿਲੀ ਡਿਊਟੀ ਕੌਂਸਲ ਤੋਂ ਮਦਦ ਲੈਣ ਦੇ ਹੱਕਦਾਰ ਹੋ ਸਕਦੇ ਹੋ। ਜੇ ਤੁਹਾਡੇ ਕੋਲ ਆਪਣਾ ਵਕੀਲ ਨਹੀਂ ਹੈ ਅਤੇ ਤੁਸੀਂ ਮਾਇਕ ਤੌਰ ’ਤੇ ਹੱਕਦਾਰ ਹੋ ਤਾਂ ਡਿਊਟੀ ਕੌਂਸਲ ਤੁਹਾਨੂੰ ਸਲਾਹ ਦੇ ਸਕਦਾ ਹੈ ਅਤੇ ਕੁਝ ਮਸਲਿਆਂ ਬਾਰੇ ਤੁਹਾਡੇ ਨਾਲ ਅਦਾਲਤ ਵਿਚ ਜਾ ਸਕਦਾ ਹੈ ਜਿਸ ਵਿਚ ਐਮਰਜੰਸੀ ਰੀਸਟਰੇਨਿੰਗ ਆਰਡਰ ਲੈਣਾ ਵੀ ਸ਼ਾਮਲ ਹੈ। ਜੇ ਤੁਸੀਂ ਮਾਇਕ ਤੌਰ ’ਤੇ ਹੱਕਦਾਰ ਨਹੀਂ ਹੋ ਤਾਂ ਵੀ ਡਿਊਟੀ ਕੌਂਸਲ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ।

ਇਹ ਪਤਾ ਲਾਉਣ ਲਈ ਕਿ ਡਿਊਟੀ ਕੌਂਸਲ ਦੇ ਦਫਤਰ ਕਿੱਥੇ ਹਨ ਅਤੇ ਇਹ ਕਦੋਂ ਖੁਲ੍ਹਦੇ ਹਨ, ਆਪਣੇ ਲੀਗਲ ਏਡ ਦੇ ਲੋਕਲ ਦਫਤਰ ਨੂੰ (ਉਪਰ ਦੇਖੋ) ਜਾਂ ਲੋਕਲ ਕੋਰਟ ਰਜਿਸਟਰੀ ਨੂੰ ਫੋਨ ਕਰੋ। ਆਪਣੀ ਲੋਕਲ ਕੋਰਟ ਰਜਿਸਟਰੀ ਦਾ ਪਤਾ ਲਾਉਣ ਲਈ ਆਪਣੀ ਫੋਨ ਬੁੱਕ ਦੇ ਨੀਲੇ ਪੰਨਿਆਂ ਤੇ Government – Provincial — Court Services ਥੱਲੇ ਦੇਖੋ।

## ਲੌਈਅਰ ਰੈੱਫਰੇਲ ਸਰਵਿਸ

(Lawyer Referral Service)

ਲੌਈਅਰ ਰੈੱਫਰੇਲ ਸਰਵਿਸ ਤੁਹਾਨੂੰ ਤੁਹਾਡੇ ਇਲਾਕੇ ਵਿਚ ਕਿਸੇ ਵਕੀਲ ਦਾ ਨਾਂ ਦੇਵੇਗੀ ਜਿਹੜਾ ਤੁਹਾਨੂੰ 30 ਮਿੰਟ ਦਾ ਸਲਾਹ ਮਸ਼ਵਰਾ 25 ਡਾਲਰ ਵਿਚ ਅਤੇ ਜੇ ਅਗਾਂਹ ਕਾਨੂੰਨੀ ਸਹਾਇਤਾ ਚਾਹੀਦੀ ਹੋਵੇ ਤਾਂ ਫੀਸ ਲੈ ਕੇ ਦੇ ਸਕਦਾ ਹੈ:

ਲੋਅਰ ਮੇਨਲੈਂਡ: 604-687-3221

ਲੋਅਰ ਮੇਨਲੈਂਡ ਦੇ ਬਾਹਰੋਂ: 1-800-663-1919
(ਮੁਫਤ ਫੋਨ)

## ਫੈਮਿਲੀ ਜਸਟਿਸ ਕੌਂਸਲਰ

(Family justice counsellors)

ਫੈਮਿਲੀ ਜਸਟਿਸ ਕੌਂਸਲਰ, ਸੂਬੇ ਭਰ ਵਿਚ ਫੈਮਿਲੀ ਜਸਟਿਸ ਸੈਂਟਰਾਂ ਵਿਚ ਸਥਿਤ ਹਨ। ਉਹ ਤੁਹਾਨੂੰ ਸੂਬਾਈ ਕੋਰਟ ਦੀ ਕਾਰਵਾਈ ਅਤੇ ਫੈਮਿਲੀ ਲਾਅ (ਪਰਿਵਾਰਕ ਕਾਨੂੰਨ) ਦੇ ਮਾਮਲਿਆਂ ਬਾਰੇ ਜਾਣਕਾਰੀ ਦੇ ਸਕਦੇ ਹਨ, ਜਿਸ ਵਿਚ ਬੱਚੇ ਦੀ ਕਸਟੱਡੀ, ਉਸ ਤੱਕ ਪਹੁੰਚ, ਗਾਰਡੀਅਨਸ਼ਿਪ ਅਤੇ ਸਹਾਇਤਾ, ਅਤੇ ਕਮਿਉਨਟੀ ਦੇ ਹੋਰ ਵਸੀਲਿਆਂ ਦੀ ਜਾਣਕਾਰੀ ਦੇਣਾ ਵੀ ਸ਼ਾਮਲ ਹਨ। ਉਨ੍ਹਾਂ ਦੀਆਂ ਸੇਵਾਵਾਂ ਦਾ ਕੋਈ ਖਰਚਾ ਨਹੀਂ ਦੇਣਾ ਪੈਂਦਾ ਪਰ ਤਰਜੀਹ ਘੱਟ ਆਮਦਨ ਵਾਲੇ ਲੋਕਾਂ ਨੂੰ ਦਿੱਤੀ ਜਾਂਦੀ ਹੈ।

ਇਨਕੁਆਰੀ ਬ੍ਰਿਟਿਸ਼ ਕੋਲੰਬੀਆ ਨੂੰ ਫੋਨ ਕਰੋ ਅਤੇ ਓਪਰੇਟਰ ਨੂੰ ਕਹੋ ਕਿ ਉਹ ਤੁਹਾਡਾ ਫੋਨ ਨੇੜੇ ਦੇ ਫੈਮਿਲੀ ਜਸਟਿਸ ਸੈਂਟਰ ਨਾਲ ਮਿਲਾਵੇ:

ਗਰੇਟਰ ਵਿਕਟੋਰੀਆ: (250) 387-6121

ਗਰੇਟਰ ਵੈਨਕੂਵਰ: (604) 660-2421

ਲੋਅਰ ਮੇਨਲੈਂਡ ਦੇ ਬਾਹਰੋ: 1-800-663-7867
(ਮੁਫਤ ਫੋਨ)

## ਪ੍ਰਾਈਡਲਾਈਨ
(Prideline)

ਲੇਜ਼ਬੀਅਨ, ਗੇਅ, ਟਰਾਂਸਜੈਂਡਰਡ, ਅਤੇ ਬਾਇਓਸੈਕਸ਼ੂਅਲ ਕਮਿਉਨਟੀ ਲਈ ਜਾਣਕਾਰੀ, ਹਵਾਲੇ ਅਤੇ ਸਾਥੀ-ਮਦਦ ਲਈ ਫੋਨ ਕਰੋ:

1-800-566-1170 (ਮੁਫਤ ਫੋਨ)
ਸ਼ਾਮ ਦੇ 7 ਵਜੇ ਤੋਂ ਸ਼ਾਮ ਦੇ 10 ਵਜੇ ਤੱਕ, ਹਫਤੇ ਦੇ ਸੱਤੇ ਦਿਨ

## ਇਹ ਕਿਤਾਬਚਾ ਇੰਟਰਨੈੱਟ ’ਤੇ ਪੜ੍ਹਣ ਲਈ
(To read this booklet online)

www.pssg.gov.bc.ca/victim_services/publications/index.htm ’ਤੇ ਮਨਿਸਟਰੀ ਆਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਦਾ ਵੈੱਬਸਾਈਟ ਜਾਂ www.lss.bc.ca ’ਤੇ ਲੀਗਲ ਸਰਵਿਸਿਜ਼ ਸੁਸਾਇਟੀ ਦਾ ਵੈੱਬਸਾਈਟ ਦੇਖੋ (Our publications ’ਤੇ ਕਲਿੱਕ ਕਰ)।

**ਆਪਣੇ ਇਲਾਕੇ ਵਿਚ ਮਦਦ ਲਈ, ਫੋਨ ਕਰੋ:**

ਇਸ ਕਿਤਾਬਚੇ ਦੀਆਂ ਹੋਰ ਕਾਪੀਆਂ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:


Ministry of Public Safety and Solicitor General
Policing and Community Safety Branch
Victim Services and Crime Prevention Division
302 – 815 Hornby Street
Vancouver, BC V6Z 2E6
ਫੋਨ: (604) 660-5199
ਫੈਕਸ: (604) 660-5340
ਵੈੱਬ: www.gov.bc.ca/pssg

Legal Services Society
Distribution
400 – 510 Burrard Street
Vancouver, BC V6C 3A8
ਫੈਕਸ: (604) 682-0965
ਈ-ਮੇਲ: distribution@lss.bc.ca
ਵੈੱਬ: www.lss.bc.ca



December 2007

British Columbia
Ministry of Public Safety and Solicitor General

Legal Services Society
British Columbia
www.lss.bc.ca

(Punjabi version) PSSG-03019p